ਸ਼੍ਰੇਣੀ : ਬਾਰ੍ਹਵੀਂ

ਵਿਸ਼ਾ :ਲਾਜ਼ਮੀ ਪੰਜਾਬੀ

ਵਿਲੱਖਣ ਬੁੱਧੀ (HI/MR/VI) ਵਿਦਿਆਰਥੀਆਂ ਲਈ ਪ੍ਰਸ਼ਨ ਬੈਂਕ

ਪ੍ਰਸ਼ਨ-ਪੱਤਰ ਦੇ ਪ੍ਰਸ਼ਨ 1 ਤੋਂ 21 ਨਾਲ਼ ਸੰਬੰਧਿਤ ਪ੍ਰਸ਼ਨ : 21×2=42 ਅੰਕ

ਵਸਤੂਨਿਸ਼ਠ ਪ੍ਰਸ਼ਨ:

ਹਰੇਕ ਵਸਤੂਨਿਸ਼ਠ ਪ੍ਰਸ਼ਨ ਦੇ 2 ਅੰਕ ਹਨ।

ਬਹੁਚੋਣਵੇਂ ਪ੍ਰਸ਼ਨ:

ਪ੍ਰਸ਼ਨ-ਪੱਤਰ ਦੇ ਪ੍ਰਸ਼ਨ 1 ਤੋਂ 4 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 142)

ਪ੍ਰਸ਼ਨ 1. ਸੱਭਿਆਚਾਰ ਦਾ ਸਿਰਜਣਹਾਰ ਕੌਣ ਹੈ? 2

(ੳ) ਲੋਕ-ਨਾਇਕ (ਅ) ਕਲਾਕਾਰ (ੲ) ਕਿੱਤਾਕਾਰ (ਸ) ਲੋਕ-ਸਮੂਹ

ਪ੍ਰਸ਼ਨ 2. ਪੰਜਾਬੀ ਕਿਹੜੇ ਭੂਗੋਲਿਕ ਖਿੱਤੇ ਦੀ ਪੈਦਾਵਾਰ ਹੈ? 2

(ੳ) ਗੁਜਰਾਤ ਦੀ (ਅ) ਬੰਗਾਲ ਦੀ (ੲ) ਪੰਜਾਬ ਦੀ (ਸ) ਹਰਿਆਣੇ ਦੀ

ਪ੍ਰਸ਼ਨ 3. ਭਾਰਤੀ ਸੱਭਿਆਚਾਰ ਦਾ ਮਹਾਨ ਸ੍ਰੋਤ ਕਿਹੜਾ ਵੇਦ ਹੈ? 2

(ੳ) ਰਿਗਵੇਦ (ਅ) ਸਾਮਵੇਦ (ੲ) ਅਥਰਵ ਵੇਦ (ਸ) ਯਜੁਰਵੇਦ

ਪ੍ਰਸ਼ਨ 4. ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਦੀ ਧਰਤੀ ਦਾ ਕਿਹੜਾ ਨਾਂ ਪ੍ਰਚਲਿਤ ਸੀ? 2

(ੳ) ਪੰਚ-ਨਦ (ਅ) ਪੰਜਾਬ (ੲ) ਆਰੀਆ ਦੇਸ (ਸ) ਮਦਰ ਦੇਸ

ਪ੍ਰਸ਼ਨ 5. ਪੰਜਾਬ ਨੂੰ 'ਸਪਤ-ਸਿੰਧੂ' ਕਿਸ ਕਾਲ ਵਿੱਚ ਕਿਹਾ ਜਾਂਦਾ ਸੀ? 2

(ੳ) ਆਰੀਆ ਕਾਲ (ਅ) ਦਰਾਵਿੜ ਕਾਲ (ੲ) ਰਿਗਵੈਦਿਕ ਕਾਲ (ਸ) ਹੜੱਪਾ ਕਾਲ

ਪ੍ਰਸ਼ਨ 6. ਪੰਜਾਬ ਸ਼ਬਦ ਤੋਂ ਕੀ ਭਾਵ ਹੈ? 2

(ੳ) ਪੰਜ ਦੇਸ (ਅ) ਪੰਜ ਸ਼ਹਿਰ (ੲ) ਪੰਜ ਜ਼ਿਲ੍ਹੇ (ਸ) ਪੰਜ-ਆਬ (ਪਾਣੀ)

ਪ੍ਰਸ਼ਨ 7. ਪੰਜਾਬ ਦੀ ਧਰਤੀ 'ਤੇ ਕਿੰਨੇ ਵੇਦ ਰਚੇ ਗਏ? 2

(ੳ) ਪੰਜ (ਅ) ਛੇ (ੲ) ਅੱਠ (ਸ) ਚਾਰ

ਪ੍ਰਸ਼ਨ 8. ਪ੍ਰਾਚੀਨ ਸਮੇਂ ਭਾਰਤ ਵਿੱਚ ਕਿਹੜਾ ਪ੍ਰਸਿੱਧ ਚਰਚਿਤ ਕੇਂਦਰ ਸੀ? 2

(ੳ) ਲਾਹੌਰ (ਅ) ਮੁਲਤਾਨ (ੲ) ਤਕਸ਼ਿਲਾ (ਸ) ਉਜੈਨ

ਪ੍ਰਸ਼ਨ 9. ਮੱਧਕਾਲ ਵਿੱਚ ਪੰਜਾਬ ਦੀ ਵੱਸੋਂ ਦਾ ਵੱਡਾ ਹਿੱਸਾ ਕਿਹੜੇ ਧਰਮ ਨਾਲ਼ ਜੁੜ ਗਿਆ? 2

(ੳ) ਬੁੱਧ ਧਰਮ (ਅ) ਜੈਨ ਧਰਮ (ੲ) ਈਸਾਈ ਧਰਮ (ਸ) ਇਸਲਾਮ ਧਰਮ

ਪ੍ਰਸ਼ਨ 10. ਸਿੱਖ ਧਰਮ ਦੀ ਸਥਾਪਨਾ ਕਿਸ ਨੇ ਕੀਤੀ? 2

(ੳ) ਸ੍ਰੀ ਗੁਰੂ ਰਾਮਦਾਸ (ਅ) ਗੁਰੂ ਅੰਗਦ ਦੇਵ ਜੀ (ੲ) ਗੁਰੂ ਨਾਨਕ ਦੇਵ ਜੀ

ਪ੍ਰਸ਼ਨ 11. ਗੁਰੂ ਅਰਜਨ ਦੇਵ ਜੀ ਨੇ ਕਿਹੜੇ ਮਹਾਨ ਗ੍ਰੰਥ ਦੀ ਸਥਾਪਨਾ ਕੀਤੀ? 2

(ੳ) ਉਪਨਿਸ਼ਦ (ਅ) ਰਿਗਵੇਦ (ੲ) ਸ੍ਰੀ ਗੁਰੂ ਗ੍ਰੰਥ ਸਾਹਿਬ (ਸ) ਮਹਾਂਭਾਰਤ

ਪ੍ਰਸ਼ਨ 12. ਅੰਗਰੇਜ਼ੀ ਰਾਜ ਸਮੇਂ ਪੰਜਾਬੀ ਲੋਕ ਕਿਸ ਭਾਸ਼ਾ ਦੁਆਰਾ ਸੰਸਾਰ-ਸਾਹਿਤ ਤੇ ਸੱਭਿਆਚਾਰ ਦੇ ਸੰਪਰਕ ਵਿੱਚ ਆਏ? 2

(ੳ) ਹਿੰਦੀ (ਅ) ਉਰਦੂ (ੲ) ਅੰਗਰੇਜ਼ੀ (ਸ) ਫ਼ਾਰਸੀ

ਪ੍ਰਸ਼ਨ 13. ਅਜੋਕੇ ਪੰਜਾਬ ਵਿੱਚ ਕਿੰਨੇ ਦਰਿਆ ਰਹਿ ਗਏ ਹਨ? 2

(ੳ) ਪੰਜ (ਅ) ਸੱਤ (ੲ) ਤਿੰਨ (ਸ) ਢਾਈ ਕੁ

ਪ੍ਰਸ਼ਨ 14. ਭੁੱਖੇ ਮਰਨਾ ਪੰਜਾਬੀਆਂ ਦੇ ਹਿੱਸੇ ਕਿਉਂ ਨਹੀਂ ਆਇਆ? 2

(ੳ) ਉਪਜਾਊ ਜ਼ਮੀਨ ਕਾਰਨ (ਅ) ਲੜਾਕੇ ਹੋਣ ਕਾਰਨ

(ੲ) ਗਤੀਸ਼ੀਲ ਹੋਣ ਕਾਰਨ (ਸ) ਕਲਾਕਾਰ ਹੋਣ ਕਾਰਨ

ਪ੍ਰਸ਼ਨ 15. ਪੰਜਾਬੀ ਸੱਭਿਆਚਾਰ ਦਾ ਸੁਭਾਅ ਕਿਸ ਤਰ੍ਹਾਂ ਦਾ ਹੈ? 2

(ੳ) 'ਮਿੱਸਾ' ਤੇ ਦਰੁਸਤ ਹਾਜ਼ਮੇ ਵਾਲ਼ਾ (ਅ) ਕ੍ਰੋਧੀ

(ੲ) ਮਸਤ ਮਲੰਗ ਵਾਲ਼ਾ

ਪ੍ਰਸ਼ਨ 16. ਅਜੋਕੇ ਪੰਜਾਬ ਨੂੰ ਕਿਸ ਖਿੱਤੇ ਵਜੋਂ ਸ੍ਵੀਕਾਰ ਨਹੀਂ ਕਰਦੇ? 2

(ੳ) ਸੰਪੂਰਨ ਸੱਭਿਆਚਾਰਿਕ (ਅ) ਅਧੂਰਾ ਸਿਆਸੀ

(ੲ) ਲੋਕ-ਧਾਰਾ (ਸ) ਪਦਾਰਥਿਕ

ਪ੍ਰਸ਼ਨ 17. "ਪੰਜਾਬ ਦੇ ਮੇਲੇ ਤੇ ਤਿਉਹਾਰ" ਲੇਖ ਦੇ ਲੇਖਕ ਦਾ ਨਾਂ ਕੀ ਹੈ? 2

(ੳ) ਸ੍ਰੀ ਗੁਲਜ਼ਾਰ ਸਿੰਘ ਸੰਧੂ (ਅ) ਸ੍ਰੀ ਸੁਖਦੇਵ ਮਾਦਪੁਰੀ

(ੲ) ਡਾ. ਐੱਸ.ਐੱਸ.ਵਣਜਾਰਾ ਬੇਦੀ (ਸ) ਡਾ. ਬਰਿੰਦਰ ਕੌਰ

ਪ੍ਰਸ਼ਨ 18. ਪੰਜਾਬੀ ਚਰਿੱਤਰ ਵਿੱਚ ਬੀਜ ਰੂਪ ਵਿੱਚ ਕੀ ਸਮਾਇਆ ਹੋਇਆ ਹੈ? 2

(ੳ) ਖੇਡਾਂ (ਅ) ਗੀਤ (ੲ) ਨਾਚ (ਸ) ਮੇਲਾ

ਪ੍ਰਸ਼ਨ 19. ਮੇਲਿਆਂ ਦੀ ਕਿਹੜੀ ਚੀਜ਼ ਪੰਜਾਬੀਆਂ ਦੀ ਬਹੁ-ਪੱਖੀ ਜ਼ਿੰਦਗੀ ਦਾ ਹੁੰਗਾਰਾ ਭਰਦੀ ਹੈ? 2

(ੳ) ਮਸਤੀ (ਅ) ਜਵਾਨੀ (ੲ) ਸੁੰਦਰਤਾ (ਸ) ਬਹੁ-ਰੰਗਤਾ

ਪ੍ਰਸ਼ਨ 20. ਪੰਜਾਬ ਦੇ ਬਹੁਤੇ ਮੇਲੇ ਕਿਸ ਨਾਲ਼ ਸੰਬੰਧਿਤ ਹਨ? 2

(ੳ) ਖੇਡਾਂ ਨਾਲ਼ (ਅ) ਮੌਸਮਾਂ, ਰੁੱਤਾਂ, ਤਿਉਹਾਰਾਂ ਨਾਲ਼

(ੲ) ਲੋਕ-ਨਾਚਾਂ ਨਾਲ਼ (ਸ) ਲੋਕ-ਗੀਤਾਂ ਨਾਲ਼

ਪ੍ਰਸ਼ਨ 21. ਹੋਲੀ ਦਾ ਤਿਉਹਾਰ ਕਦੋਂ ਮਨਾਇਆ ਜਾਂਦਾ ਹੈ? 2

(ੳ) ਮਾਘ ਵਿੱਚ (ਅ) ਕੱਤਕ ਵਿੱਚ (ੲ) ਫੱਗਣ ਵਿੱਚ (ਸ) ਜੇਠ ਵਿੱਚ

ਪ੍ਰਸ਼ਨ 22. ਪੁਰਾਣ ਕਥਾਵਾਂ ਅਨੁਸਾਰ ਧਰਤੀ ਕਿਸ ਦੇ ਫਣਾਂ ਉੱਤੇ ਖੜ੍ਹੀ ਹੈ? 2

(ੳ) ਸ਼ੇਸ਼ਨਾਗ ਦੇ (ਅ) ਫਨੀਅਰ ਦੇ (ੲ) ਨਾਗ ਦੇ (ਸ) ਸੱਪ ਦੇ

ਪ੍ਰਸ਼ਨ 23. ਗੁੱਗੇ ਦੀ ਪੂਜਾ ਅਸਲ ਵਿੱਚ ਕਿਸ ਪੂਜਾ ਦਾ ਵਧੇਰੇ ਸੁਧਰਿਆ ਰੂਪ ਹੈ? 2

(ੳ) ਸਰਪ-ਪੂਜਾ ਦਾ (ਅ) ਬਿਰਖ-ਪੂਜਾ ਦਾ (ੲ) ਧਰਤ-ਪੂਜਾ ਦਾ (ਸ) ਪਿੱਤਰ-ਪੂਜਾ ਦਾ

ਪ੍ਰਸ਼ਨ 24. ਛਪਾਰ ਦਾ ਮੇਲਾ ਕਦੋਂ ਲੱਗਦਾ ਹੈ? 2

(ੳ) ਮਾਘ ਸੁਦੀ ਦਸ ਨੂੰ (ਅ) ਭਾਦਰੋਂ ਸੁਦੀ ਚੌਦਾਂ ਨੂੰ

(ੲ) ਚੇਤਰ ਦੀ ਏਕਮ ਨੂੰ (ਸ) ਵਿਸਾਖ ਸੁਦੀ ਪੰਜ ਨੂੰ

ਪ੍ਰਸ਼ਨ 25. ਜਰਗ ਦਾ ਮੇਲਾ ਕਿਸ ਨੂੰ ਪਤਿਆਉਣ ਲਈ ਲੱਗਦਾ ਹੈ? 2

(ੳ) ਮਾਤਾ ਨੈਣਾ ਦੇਵੀ ਨੂੰ (ਅ) ਮਾਤਾ ਮਨਸਾ ਦੇਵੀ ਨੂੰ

(ੲ) ਮਾਤਾ ਸੀਤਲਾ ਦੇਵੀ ਨੂੰ (ਸ) ਮਾਤਾ ਚਿੰਤਾਪੂਰਨੀ ਨੂੰ

ਪ੍ਰਸ਼ਨ 26. ਸੀਤਲਾ ਦੇਵੀ ਦਾ ਵਾਹਣ ਕਿਹੜਾ ਹੈ? 2

(ੳ) ਹਾਥੀ (ਅ) ਘੋੜਾ (ੲ) ਖੋਤਾ (ਸ) ਚੂਹਾ

ਪ੍ਰਸ਼ਨ 27. ਸਖੀ ਸਰਵਰ ਦਾ ਮੇਲਾ ਕਿੱਥੇ ਲਗਦਾ ਹੈ? 2

(ੳ) ਜਗਰਾਵਾਂ ਵਿੱਚ (ਅ) ਮਲੇਰਕੋਟਲੇ ਵਿੱਚ (ੲ) ਛਪਾਰ ਵਿੱਚ (ਸ) ਜਰਗ ਵਿੱਚ

ਪ੍ਰਸ਼ਨ 28. ਕਿਸ ਅਨੁਸਾਰ "ਪੰਜਾਬ ਜਿਊਂਦਾ ਹੀ ਗੁਰਾਂ ਦੇ ਨਾਂ ਉੱਤੇ ਹੈ?" 2

(ੳ) ਜਸਵੰਤ ਸਿੰਘ ਕੰਵਲ ਅਨੁਸਾਰ (ਅ) ਗੁਰਵਿੰਦਰ ਸਿੰਘ ਸੈਣੀ ਅਨੁਸਾਰ

(ੲ) ਸੁਰਜੀਤ ਪਾਤਰ ਅਨੁਸਾਰ (ਸ) ਪ੍ਰੋ. ਪੂਰਨ ਸਿੰਘ ਅਨੁਸਾਰ

ਪ੍ਰਸ਼ਨ 29. ਲਾਹੌਰ ਵਿੱਚ ਡੇਹਰਾ ਸਾਹਿਬ ਵਿਖੇ ਕਿਸ ਦੇ ਸ਼ਹੀਦੀ ਦਿਵਸ ਉੱਤੇ ਜੋੜ ਮੇਲਾ ਲੱਗਿਆ ਕਰਦਾ ਸੀ? 2

(ੳ) ਗੁਰੂ ਤੇਗ਼ ਬਹਾਦਰ ਜੀ ਦੇ (ਅ) ਗੁਰੂ ਅਰਜਨ ਦੇਵ ਜੀ ਦੇ

(ੲ) ਭਾਈ ਮਨੀ ਸਿੰਘ ਦੇ (ਸ) ਭਾਈ ਮਤੀ ਦਾਸ ਦੇ

ਪ੍ਰਸ਼ਨ 30. ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਦੀ ਬੇਨਤੀ ਮੰਨ ਕੇ ਬੇਦਾਵਾ ਫਾੜ ਦਿੱਤਾ? 2

(ੳ) ਭਾਈ ਮਨੀ ਸਿੰਘ ਦੀ (ਅ) ਭਾਈ ਮਹਾਂ ਸਿੰਘ ਦੀ

(ੲ) ਭਾਈ ਮਤੀ ਦਾਸ ਦੀ (ਸ) ਭਾਈ ਧਰਮ ਸਿੰਘ ਦੀ

ਪ੍ਰਸ਼ਨ 31. ਇਤਿਹਾਸ ਅਨੁਸਾਰ ਖਿਦਰਾਣੇ ਦਾ ਯੁੱਧ ਕਦੋਂ ਹੋਇਆ? 2
(ੳ) 1709 ਈਸਵੀ (ਅ) 1705 ਈਸਵੀ
(ੲ) 1735 ਈਸਵੀ (ਸ) 1706 ਈਸਵੀ

ਪ੍ਰਸ਼ਨ 32. ਪ੍ਰੋ. ਮੋਹਨ ਸਿੰਘ ਦੀ ਯਾਦ ਵਿੱਚ ਮੇਲਾ ਕਿੱਥੇ ਲਗਦਾ ਹੈ? 2

(ੳ) ਲੁਧਿਆਣੇ ਵਿੱਚ (ਅ) ਮਾਨਸਾ ਵਿੱਚ

(ੲ) ਜਗਰਾਵਾਂ ਵਿੱਚ (ਸ) ਛਪਾਰ ਵਿੱਚ

ਪ੍ਰਸ਼ਨ 33. ਪੰਜਾਬ ਵਿੱਚ ਨਵਾਂ ਸੰਮਤ ਕਦੋਂ ਮਨਾਇਆ ਜਾਂਦਾ ਹੈ? 2

(ੳ) ਫੱਗਣ ਦੀ ਏਕਮ ਨੂੰ (ਅ) ਹਾੜ੍ਹ ਦੀ ਏਕਮ ਨੂੰ

(ੲ) ਜੇਠ ਦੀ ਏਕਮ ਨੂੰ (ਸ) ਚੇਤਰ ਦੀ ਏਕਮ ਨੂੰ

ਪ੍ਰਸ਼ਨ 34. ਰਾਮਨੌਮੀ ਦਾ ਤਿਉਹਾਰ ਕਦੋਂ ਆਉਂਦਾ ਹੈ? 2

(ੳ) ਕੱਤਕ ਵਿੱਚ (ਅ) ਚੇਤਰ ਵਿੱਚ

(ੲ) ਜੇਠ ਵਿੱਚ (ਸ) ਭਾਦਰੋਂ ਵਿੱਚ

ਪ੍ਰਸ਼ਨ 35. ਸਾਵਣ ਦੀ ਪੂਰਨਮਾਸ਼ੀ ਨੂੰ ਕਿਹੜਾ ਤਿਉਹਾਰ ਮਨਾਇਆ ਜਾਂਦਾ ਹੈ? 2

(ੳ) ਹੋਲੀ ਦਾ (ਅ) ਬਸੰਤ ਪੰਚਮੀ ਦਾ

(ੲ) ਲੋਹੜੀ ਦਾ (ਸ) ਰੱਖੜੀ ਦਾ

ਪ੍ਰਸ਼ਨ 36. ਨੌਰਾਤਿਆਂ ਵਿੱਚ ਕਿਸ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ? 2

(ੳ) ਸਾਂਝੀ ਦੇਵੀ ਦੀ (ਅ) ਮਨਸਾ ਦੇਵੀ ਦੀ

(ੲ) ਨੈਣਾ ਦੇਵੀ ਦੀ (ਸ) ਸੀਤਲਾ ਦੇਵੀ ਦੀ

ਪ੍ਰਸ਼ਨ 37. ਕੱਤਕ ਮਹੀਨੇ ਦਾ ਸਭ ਤੋਂ ਵੱਡਾ ਲੋਕ-ਪੁਰਬ ਕਿਹੜਾ ਹੈ? 2

(ੳ) ਹੋਲੀ (ਅ) ਲੋਹੜੀ

(ੲ) ਰੱਖੜੀ (ਸ) ਦੀਵਾਲੀ

ਪ੍ਰਸ਼ਨ 38. ਕਰਵਾ-ਚੌਥ ਵਾਲ਼ੇ ਦਿਨ ਸੁਹਾਗਣਾਂ ਕਿਸ ਨੂੰ ਅਰਘ ਦਿੰਦੀਆਂ ਹਨ? 2

(ੳ) ਸਾਂਝੀ ਦੇਵੀ ਨੂੰ (ਅ) ਸੀਤਲਾ ਦੇਵੀ

(ੲ) ਚੰਦਰਮਾ ਨੂੰ (ਸ) ਸੂਰਜ ਨੂੰ

ਪ੍ਰਸ਼ਨ 39. ਲੋਹੜੀ ਤੋਂ ਅਗਲੇ ਦਿਨ ਕਿਹੜਾ ਤਿਉਹਾਰ ਆਉਂਦਾ ਹੈ? 2

(ੳ) ਮਾਘੀ ਦਾ (ਅ) ਵਿਸਾਖੀ ਦਾ

(ੲ) ਹੋਲੀ ਦਾ (ਸ) ਰੱਖੜੀ ਦਾ

ਪ੍ਰਸ਼ਨ 40. 'ਪੰਜਾਬ ਦੇ ਰਸਮ-ਰਿਵਾਜ" ਲੇਖ/ਪਾਠ ਦਾ ਲੇਖਕ ਕੌਣ ਹੈ? 2

(ੳ) ਡਾ. ਬਰਿੰਦਰ ਕੌਰ (ਅ) ਸ੍ਰੀ ਸੁਖਦੇਵ ਮਾਦਪੁਰੀ

(ੲ) ਗੁਲਜ਼ਾਰ ਸਿੰਘ ਸੰਧੂ (ਸ) ਕਿਰਪਾਲ ਕਜ਼ਾਕ

ਪ੍ਰਸ਼ਨ 41. ਭਾਈਚਾਰਿਕ ਜੀਵਾਂ ਦੇ ਮਨਾਂ ਦੀਆਂ ਸਿੱਕਾਂ, ਸਧਰਾਂ ਤੇ ਜ਼ਜ਼ਬਿਆਂ ਦੀ ਤਰਜਮਾਨੀ ਕੌਣ ਕਰਦਾ ਹੈ? 2

(ੳ) ਮੇਲੇ (ਅ) ਰਸਮ-ਰਿਵਾਜ, ਰਹੁ-ਰੀਤਾਂ ਤੇ ਸੰਸਕਾਰ

(ੲ) ਤਿਉਹਾਰ (ਸ) ਖੇਡ ਮੇਲੇ

ਪ੍ਰਸ਼ਨ 42. ਜੀਵਨ ਨਾਟਕ ਦੀਆਂ ਤਿੰਨਾਂ ਝਾਕੀਆਂ ਦੇ ਰੰਗ-ਮੰਚ ਦੀ ਥਾਂ ਆਮ ਤੌਰ 'ਤੇ ਕਿਹੜੀ ਹੁੰਦੀ ਹੈ? 2

(ੳ) ਪਾਰਕ (ਅ) ਘਰਾਂ ਦੇ ਵਿਹੜੇ

(ੲ) ਕਲੱਬ (ਸ) ਸ਼ਹਿਰ

ਪ੍ਰਸ਼ਨ 43. ਮਨੂ ਦੀ ਭਾਈਚਾਰਿਕ ਵੰਡ ਅਨੁਸਾਰ ਮਨੁੱਖ ਦੇ ਜੀਵਨ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਹੈ? 2

(ੳ) ਪੰਜ (ਅ) ਚਾਰ

(ੲ) ਤਿੰਨ (ਸ) ਦੋ

ਪ੍ਰਸ਼ਨ 44. ਅਗਨੀ ਕਾਹਦਾ ਚਿੰਨ੍ਹ ਹੈ? 2

(ੳ) ਬਚਾਓ ਦਾ (ਅ) ਚਾਨਣ ਦਾ

(ੲ) ਹਨੇਰੇ ਦਾ (ਸ) ਕ੍ਰੋਧ ਦਾ

ਪ੍ਰਸ਼ਨ 45. ਬਿਰਛ ਦੀ ਟਾਹਣੀ ਜਾਂ ਹਰੀ ਘਾਹ/ ਦਿੱਭ ਨੂੰ ਕਿਸ ਦਾ ਸੂਚਕ ਮੰਨਿਆ ਗਿਆ ਹੈ? 2

(ੳ) ਤਾਕਤ ਦਾ (ਅ) ਗੁੱਸੇ ਦਾ

(ੲ) ਚੰਗੇ ਸ਼ਗਨਾਂ ਦਾ (ਸ) ਚਾਨਣ ਦਾ

ਪ੍ਰਸ਼ਨ 46. ਪੰਜਾਬ ਵਿੱਚ ਪਹਿਲੇ ਬੱਚੇ ਦੇ ਜਨਮ ਸਮੇਂ ਜਣਨੀ ਕਿਹੜੇ ਘਰ ਭੇਜੀ ਜਾਂਦੀ ਹੈ? 2

(ੳ) ਪੇਕੇ (ਅ) ਜਠੇਰਿਆਂ ਦੇ

(ੲ) ਨਾਨਕਿਆਂ ਦੇ (ਸ) ਡੇਰੇ

ਪ੍ਰਸ਼ਨ 47. ਗੁੜ੍ਹਤੀ ਕਿਸ ਚੀਜ਼ ਦੀ ਦਿੱਤੀ ਜਾਂਦੀ ਹੈ? 2

(ੳ) ਮਿਸਰੀ ਦੀ (ਅ) ਗੁੜ੍ਹ ਦੀ

(ੲ) ਬਰਫ਼ੀ ਦੀ (ਸ) ਸ਼ਹਿਦ ਦੀ

ਪ੍ਰਸ਼ਨ 48. 'ਪੰਜਵੀਂ ਨਹਾਉਣ' ਦੀ ਰੀਤ ਜਣੇਪੇ ਤੋਂ ਕਿੰਨੇ ਦਿਨ ਪਿੱਛੋਂ ਹੁੰਦੀ ਹੈ? 2

(ੳ) ਚਾਰ ਦਿਨ (ਅ) ਪੰਜ ਦਿਨ

(ੲ) ਦੋ ਦਿਨ (ਸ) ਤਿੰਨ ਦਿਨ

ਪ੍ਰਸ਼ਨ 49. ਛਟੀ ਦੀ ਰਸਮ ਜਣੇਪੇ ਤੋਂ ਕਿੰਨੇ ਦਿਨ ਪਿੱਛੋਂ ਹੁੰਦੀ ਹੈ? 2

(ੳ) ਦੂਜੇ ਦਿਨ (ਅ) ਚੌਥੇ ਦਿਨ

(ੲ) ਛੇਵੇਂ ਦਿਨ (ਸ) ਪੰਜਵੇਂ ਦਿਨ

ਪ੍ਰਸ਼ਨ 50. ਮੁੰਡੇ ਦੇ ਜਨਮ 'ਤੇ ਮਹਿਰਾ ਕੀ ਲੈ ਕੇ ਆਉਂਦਾ ਹੈ? 2

(ੳ) ਤੜਾਗੀ (ਅ) ਮੌਲ਼ੀ ਵਿੱਚ ਸ਼ਰੀਂਹ ਦੇ ਪੱਤਿਆਂ ਦਾ ਸਿਹਰਾ

(ੲ) ਗੁੱਲੀ-ਡੰਡਾ (ਸ) ਨ੍ਹਾਉਣ ਵਾਲ਼ਾ ਝੱਜਰ

ਪ੍ਰਸ਼ਨ 51. ਮੁੰਡੇ ਦੇ ਜਨਮ 'ਤੇ ਨ੍ਹਾਉਣ ਵਾਲ਼ਾ ਝੱਜਰ ਕੌਣ ਲੈ ਕੇ ਆਉਂਦਾ ਹੈ? 2

(ੳ) ਨਾਈ (ਅ) ਤਰਖਾਣ

(ੲ) ਮੋਚੀ (ਸ) ਘੁਮਿਆਰ

ਪ੍ਰਸ਼ਨ 52. ਛੂਛਕ ਕਿਨ੍ਹਾਂ ਵੱਲੋਂ ਭੇਜਣ ਦਾ ਰਿਵਾਜ ਹੈ? 2

(ੳ) ਦਾਦਕਿਆਂ ਵੱਲੋਂ (ਅ) ਚਾਚਿਆਂ ਵੱਲੋਂ

(ੲ) ਨਾਨਕਿਆਂ ਵੱਲੋਂ (ਸ) ਤਾਇਆ ਵੱਲੋਂ

ਪ੍ਰਸ਼ਨ 53. ਧੀ ਜੰਮਦੀ ਤਾਂ ਮਾਪਿਆਂ ਦੇ ਭਾ ਦਾ ਕੀ ਡਿਗ ਪੈਂਦਾ ਸੀ? 2

(ੳ) ਦਰਖ਼ਤ (ਅ) ਪਹਾੜ

(ੲ) ਘਰ (ਸ) ਬਿਜਲੀ

ਪ੍ਰਸ਼ਨ 54. ਵਿਆਹ ਦੀਆਂ ਰਸਮਾਂ ਦੀ ਲੜੀ ਅਧੀਨ ਪਹਿਲੀ ਰਸਮ ਕਿਹੜੀ ਹੁੰਦੀ ਹੈ? 2

(ੳ) ਨ੍ਹਾਉਣ ਦੀ (ਅ) ਰੋਕਣ ਜਾਂ ਠਾਕਣ ਦੀ

(ੲ) ਮੁੰਡਨ ਦੀ (ਸ) ਜਨੇਊ ਦੀ

ਪ੍ਰਸ਼ਨ 55. ਸਾਹੇ ਦੀ ਚਿੱਠੀ ਕਿਨ੍ਹਾਂ ਵੱਲੋਂ ਭੇਜੀ ਜਾਂਦੀ ਹੈ? 2

(ੳ) ਮੁੰਡੇ ਵਾਲ਼ਿਆਂ ਵੱਲੋਂ (ਅ) ਕੁੜੀ ਵਾਲ਼ਿਆਂ ਵੱਲੋਂ

(ੲ) ਵਿਚੋਲਿਆਂ ਵੱਲੋਂ (ਸ) ਨਾਈਆਂ ਵੱਲੋਂ

ਪ੍ਰਸ਼ਨ 56. 'ਨਾਨਕੀ ਛੱਕ' ਦੀ ਤਿਆਰੀ ਕੌਣ ਕਰਦਾ ਹੈ? 2

(ੳ) ਚਾਚੇ (ਅ) ਤਾਏ

(ੲ) ਦਾਦਕੇ (ਸ) ਨਾਨਕੇ

ਪ੍ਰਸ਼ਨ 57. ਮੁੰਡੇ ਨੂੰ ਨੁਹਾ ਕੇ ਕਿਸ ਦੀ ਲਿਆਂਦੀ ਪੁਸ਼ਾਕ ਪਹਿਨਾਈ ਜਾਂਦੀ ਹੈ? 2

(ੳ) ਚਾਚੇ ਦੀ (ਅ) ਤਾਏ ਦੀ

(ੲ) ਮਾਸੜ ਦੀ (ਸ) ਮਾਮੇ ਦੀ

ਪ੍ਰਸ਼ਨ 58. 'ਸੁਰਮਾ ਪੁਆਈ' ਕੌਣ ਲੈਂਦਾ ਹੈ? 2

(ੳ) ਚਾਚੀ (ਅ) ਮਾਮੀ

(ੲ) ਭਰਜਾਈ (ਸ) ਤਾਈ

ਪ੍ਰਸ਼ਨ 59. ਸਿੰਘ ਸਭਾ ਲਹਿਰ ਨੇ ਕਿਹੜੀ ਰੀਤ ਦਾ ਪ੍ਰਚਾਰ ਕੀਤਾ? 2

(ੳ) ਘੋੜੀ ਦੀ (ਅ) ਅਨੰਦ ਕਾਰਜ ਦੀ

(ੲ) ਮੰਗਣੀ ਦੀ (ਸ) ਵੱਟਣੇ ਦੀ

ਪ੍ਰਸ਼ਨ 60. ਵਿਆਹ ਤੋਂ ਦੂਜੇ ਦਿਨ ਲਾੜਾ ਤੇ ਵਹੁਟੀ ਕਿਸ ਦੀ ਪੂਜਾ ਲਈ ਅਤੇ ਕਿੱਥੇ ਜਾਂਦੇ ਹਨ? 2

(ੳ) ਪਿੱਤਰਾਂ, ਸ਼ਹੀਦਾਂ ਜਾਂ ਤੁਲਸੀ ਦੇ ਬੂਟੇ ਦੀ (ਅ) ਮੰਦਰ ਵਿੱਚ

(ੲ) ਨਾਨਕੇ ਘਰ (ਸ) ਪੰਚਾਇਤ ਘਰ

ਪ੍ਰਸ਼ਨ 61. ਤੀਜੇ ਦਿਨ ਵਹੁਟੀ ਨੂੰ ਤੋਰਨ ਤੋਂ ਪਹਿਲਾ ਪਿੰਡ ਨੂੰ ਕੀ ਦਿਖਾਇਆ ਜਾਂਦਾ ਹੈ? 2

(ੳ) ਦਿਖਾਵਾ (ਅ) ਦੀਵਾ

(ੲ) ਚਰਖਾ (ਸ) ਸੁਹਾਗ ਚੂੜਾ

ਪ੍ਰਸ਼ਨ 62. ਬਹੂ ਦੀ ਛੋਟੀ ਨਨਾਣ ਪੇਟੀ ਖੁਲ੍ਹਾਈ ਦਾ ਕੀ ਲੈਂਦੀ ਹੈ? 2

(ੳ) ਸੌ ਰੁਪਏ (ਅ) ਮਨਭਾਉਂਦਾ ਸੂਟ

(ੲ) ਮਨਭਾਉਂਦਾ ਚੂੜਾ (ਸ) ਮਨਭਾਉਂਦੀ ਜੁੱਤੀ

ਪ੍ਰਸ਼ਨ 63. ਵਿਅਕਤੀ ਦੇ ਮਰਨ ਤੋਂ ਬਾਅਦ ਔਰਤਾਂ ਕੀ ਕਰਦੀਆਂ ਹਨ? 2

(ੳ) ਚੁੱਪ ਕਰ ਜਾਂਦੀਆਂ (ਅ) ਵੈਣ ਪਾਉਂਦੀਆਂ

(ੲ) ਗੱਲਾਂ ਕਰਦੀਆਂ (ਸ) ਕੰਮਕਾਰ ਕਰਦੀਆਂ

ਪ੍ਰਸ਼ਨ 64. ਮਿਰਤਕ ਦੀ ਅਰਥੀ ਲਈ ਕਿਹੜੀ ਲੱਕੜ ਵਰਤੀ ਜਾਂਦੀ ਹੈ? 2

(ੳ) ਅੰਬ ਦੀ (ਅ) ਸ਼ਰੀਂਹ ਦੀ

(ੲ) ਕਿੱਕਰ ਦੀ (ਸ) ਬਾਂਸ ਜਾਂ ਬੇਰੀ ਦੀ

ਪ੍ਰਸ਼ਨ 65. ਮਿਰਤਕ ਦੀ ਚਿਖਾ ਨੂੰ ਲਾਂਬੂ ਕੌਣ ਲਾਉਂਦਾ ਹੈ? 2

(ੳ) ਉਸ ਦੀ ਧੀ (ਅ) ਉਸ ਦਾ ਵੱਡਾ ਪੁੱਤਰ

(ੲ) ਉਸ ਦੀ ਪਤਨੀ (ਸ) ਉਸ ਦਾ ਚਾਚਾ

ਪ੍ਰਸ਼ਨ 66. ਮੁਰਦੇ ਨਾਲ ਸੰਬੰਧ ਤੋੜਨ ਵਜੋਂ ਸਾਰੇ ਆਦਮੀ ਕੀ ਤੋੜਦੇ ਹਨ? 2

(ੳ) ਬੂਟਾ (ਅ) ਡੱਕਾ ਜਾਂ ਕੰਡਾ

(ੲ) ਫੱਟਾ (ਸ) ਘੜਾ

ਪ੍ਰਸ਼ਨ 67. ਮੁਰਦੇ ਦੇ ਫੁੱਲਾਂ ਨੂੰ ਕਿੱਥੇ ਜਲ ਪ੍ਰਵਾਹ ਕੀਤਾ ਜਾਂਦਾ ਹੈ? 2

(ੳ) ਜਲੰਧਰ (ਅ) ਹਰਿਦੁਆਰ ਜਾਂ ਕੀਰਤਪੁਰ ਸਾਹਿਬ

(ੲ) ਅੰਮ੍ਰਿਤਸਰ (ਸ) ਰੋਪੜ

ਪ੍ਰਸ਼ਨ 68. ਭਾਈਚਾਰੇ ਦੀ ਹਾਜ਼ਰੀ ਵਿੱਚ ਵੱਡਾ ਪੁੱਤਰ ਪਿਤਾ ਦੇ ਵਾਰਸ ਵਜੋਂ ਸਿਰ ਉੱਤੇ ਕੀ ਬੰਨ੍ਹਦਾ ਹੈ? 2

(ੳ) ਪਰਨਾ (ਅ) ਟੋਪੀ

(ੲ) ਪੱਗ (ਸ) ਰੁਮਾਲ

ਪ੍ਰਸ਼ਨ 69. ਮੁਸਲਿਮ ਭਾਈਚਾਰੇ ਵਿੱਚ ਮਿਰਤਕ ਦੇਹ ਨੂੰ ਅਗਨ ਭੇਟ ਕਰਨ ਦੀ ਥਾਂ ਕੀ ਕੀਤਾ ਜਾਂਦਾ ਹੈ? 2

(ੳ) ਦਫ਼ਨਾਇਆ ਜਾਂਦਾ ਹੈ (ਅ) ਰੱਖਿਆ ਜਾਂਦਾ ਹੈ

(ੲ) ਨੁਹਾਇਆ ਜਾਂਦਾ ਹੈ (ਸ) ਬਚਾਇਆ ਜਾਂਦਾ ਹੈ

ਪ੍ਰਸ਼ਨ 70. ਖੇਡ ਦਾ ਮਨੁੱਖੀ ਜੀਵਨ ਨਾਲ਼ ਕਿਹੋ-ਜਿਹਾ ਸੰਬੰਧ ਹੈ? 2

(ੳ) ਰਸਮੀ (ਅ) ਥੋੜ੍ਹਾ

(ੲ) ਡੂੰਘਾ (ਸ) ਵਿਰਲਾ

ਪ੍ਰਸ਼ਨ 71. ਮੁੰਡੇ-ਕੁੜੀਆਂ ਦਾ ਬਚਪਨ ਕਿਸ ਤਰ੍ਹਾਂ ਬੀਤਦਾ ਹੈ? 2

(ੳ) ਰੋ-ਰੋ ਕੇ (ਅ) ਡਰ-ਡਰ ਕੇ

(ੲ) ਖੇਡਾਂ ਵਿੱਚ (ਸ) ਪੜ੍ਹਾਈ ਵਿੱਚ

ਪ੍ਰਸ਼ਨ 72. ਲੋਕ-ਖੇਡਾਂ ਕਿਸ ਦੀ ਸਮੂਹਿਕ ਰਚਨਾ ਹੁੰਦੀਆਂ ਹਨ? 2

(ੳ) ਗੱਭਰੂਆਂ ਦੀ (ਅ) ਲੋਕ-ਸਮੂਹ ਦੀ

(ੲ) ਮੁਟਿਆਰਾਂ ਦੀ (ਸ) ਪੇਂਡੂ ਲੋਕਾਂ ਦੀ

ਪ੍ਰਸ਼ਨ 73. ਹਰੇਕ ਜਾਤੀ ਦੀਆਂ ਖੇਡਾਂ ਵਿੱਚ ਵੱਡਾ ਭਾਗ ਕਿਹੜੀਆਂ ਖੇਡਾਂ ਦਾ ਹੁੰਦਾ ਹੈ? 2

(ੳ) ਗੱਭਰੂਆਂ ਦੀਆਂ ਖੇਡਾਂ ਦਾ (ਅ) ਲੋਕ-ਖੇਡਾਂ ਦਾ

(ੲ) ਖੇਡ-ਕਾਰਜ ਦਾ (ਸ) ਬੱਚਿਆਂ ਦੀਆਂ ਖੇਡਾਂ ਦਾ

ਪ੍ਰਸ਼ਨ 74. 'ਅੱਡੀ-ਟੱਪਾ' ਕਿਨ੍ਹਾਂ ਦੀ ਖੇਡ ਹੈ? 2

(ੳ) ਬੱਚਿਆਂ ਦੀ (ਅ) ਕੁੜੀਆਂ ਦੀ

(ੲ) ਬਜ਼ੁਰਗਾਂ ਦੀ (ਸ) ਮੁੰਡਿਆਂ ਦੀ

ਪ੍ਰਸ਼ਨ 75. ਲੋਕ-ਖੇਡਾਂ ਨੂੰ ਕਿਹੜੇ ਦੋ ਪ੍ਰਮੁੱਖ ਵਰਗਾਂ ਵਿੱਚ ਵੰਡਿਆਂ ਨਹੀਂ ਜਾ ਸਕਦਾ? 2

(ੳ) ਮੁਟਿਆਰਾਂ-ਗੱਭਰੂਆਂ ਵਿੱਚ (ਅ) ਬੱਚਿਆਂ-ਬਜ਼ੁਰਗਾਂ ਵਿੱਚ

(ੲ) ਦੇਸੀ-ਵਿਦੇਸ਼ੀ ਵਿੱਚ (ਸ) ਸਮਾਜਿਕ-ਸਿਆਸਤ ਵਿੱਚ

ਪ੍ਰਸ਼ਨ 76. ਪੁੱਗਣ ਦੇ ਗੀਤਾਂ ਦਾ ਰੂਪ ਕੀ ਹੁੰਦਾ ਹੈ? 2

(ੳ) ਗ਼ਜ਼ਲ (ਅ) ਬੋਲੀ

(ੲ) ਛੰਦ (ਸ) ਸਿੱਠਣੀ

ਪ੍ਰਸ਼ਨ 77. ਬੱਚਿਆਂ ਦੇ ਮਾਨਸਿਕ ਵਿਕਾਸ ਵਿੱਚ ਹਿੱਸਾ ਪਾਉਣ ਵਾਲ਼ੀ ਕਿਹੜੀ ਖੇਡ ਹੈ? 2

(ੳ)ਕਿਣ-ਮਿਣ ਕਾਣੀ ਕੌਣ ਕਿਣਿਆ (ਅ) ਬਾਂਦਰ-ਕੀਲਾ

(ੲ) ਅੱਡੀ-ਛੜੱਪਾ (ਸ) ਕੁਸ਼ਤੀ

ਪ੍ਰਸ਼ਨ 78. ਜ਼ੋਰ-ਅਜ਼ਮਾਈ ਦੀ ਖੇਡ ਹੈ? 2

(ੳ) ਕੁਸ਼ਤੀ (ਅ) ਸੌਂਚੀ

(ੲ) ਬਾਂਦਰ-ਕੀਲਾ (ਸ) (ੳ) ਅਤੇ (ਅ) ਦੋਵੇਂ

ਪ੍ਰਸ਼ਨ 79. ਪੰਜਾਬ ਵਿੱਚ ਕਿਹੜੀ ਖੇਡ, ਮੇਲੇ ਦਾ ਲਾਜ਼ਮੀ ਅੰਗ ਹੁੰਦੀ ਹੈ? 2

(ੳ) ਹਾਕੀ (ਅ) ਫੁਟਬਾਲ

(ੲ) ਕੁਸ਼ਤੀ (ਸ) ਵਾਲੀਬਾਲ

ਪ੍ਰਸ਼ਨ 80. 'ਪਕੜ' ਦੇ ਅਭਿਆਸ ਵਾਲ਼ੀ ਕਿਸੇ ਇੱਕ ਖੇਡ ਦਾ ਨਾਂ ਲਿਖੋ। 2

(ੳ) ਗੇਂਦ-ਗੀਟੇ (ਅ) ਊਚ-ਨੀਚ

(ੲ) ਭੰਡਾ-ਭੰਡਾਰੀਆ (ਸ) ਕਬੱਡੀ

ਪ੍ਰਸ਼ਨ 81. ਕਿਹੜੀ ਲੋਕ-ਖੇਡ ਬਾਕਸਿੰਗ ਨਾਲ ਮਿਲ਼ਦੀ-ਜੁਲ਼ਦੀ ਹੈ? 2

(ੳ) ਕੁਸ਼ਤੀ (ਅ) ਬਿੱਲੀ-ਮਾਸੀ

(ੲ) ਸੌਂਚੀ (ਸ) ਹਾਕੀ

ਪ੍ਰਸ਼ਨ 82. ਅੱਡੀ-ਟੱਪਾ ਨੂੰ ਕਿੰਨੀਆਂ ਟੋਲੀਆਂ ਬਣਾ ਕੇ ਖੇਡਦੇ ਹਨ? 2

(ੳ) ਦੋ (ਅ) ਤਿੰਨ

(ੲ) ਚਾਰ (ਸ) ਬਿਨਾਂ ਟੋਲੀਆਂ ਦੇ

ਪ੍ਰਸ਼ਨ 83. ਕੁੜੀਆਂ ਦੀ ਹਰਮਨ-ਪਿਆਰੀ ਖੇਡ ਹੈ, 2

(ੳ) ਬਾਂਦਰ-ਕੀਲਾ (ਅ) ਅੱਡੀ-ਛੜੱਪਾ

(ੲ) ਲੱਲ੍ਹਿਆਂ ਦੀ ਖੇਡ (ਸ) ਡੰਡਾ-ਡੁੱਕ

ਪ੍ਰਸ਼ਨ 84. ਸਰੀਰਿਕ ਖੇਡਾਂ ਦਾ ਨਾਂ ਦੱਸੋ। 2

(ੳ) ਮੁਗਦਰ (ਅ) ਬੋਰੀ ਚੁੱਕਣਾ

(ੲ) ਮੂੰਗਲ਼ੀਆਂ ਫੇਰਨਾ (ਸ) ਇਹ ਸਾਰੀਆਂ

ਪ੍ਰਸ਼ਨ 85. 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਲੇਖ ਕਿਸ ਦਾ ਲਿਖਿਆ ਹੋਇਆ ਹੈ? 2

(ੳ) ਡਾ. ਜਗੀਰ ਸਿੰਘ ਨੂਰ (ਅ) ਕਿਰਪਾਲ ਕਜ਼ਾਕ

(ੲ) ਡਾ. ਬਰਿੰਦਰ ਕੌਰ (ਸ) ਸ੍ਰੀ ਸੁਖਦੇਵ ਮਾਦਪੁਰੀ

ਪ੍ਰਸ਼ਨ 86. ਆਮ ਤੌਰ 'ਤੇ ਪੀੜ੍ਹੀ-ਦਰ-ਪੀੜ੍ਹੀ ਚਲਦੇ ਰਹਿੰਦੇ ਹਨ? 2

(ੳ) ਵਪਾਰ (ਅ) ਰੁਜ਼ਗਾਰ

(ੲ) ਕਾਰਖ਼ਾਨੇ (ਸ) ਲੋਕ-ਕਿੱਤੇ

ਪ੍ਰਸ਼ਨ 87. ਲੋਹੇ/ਸੋਨੇ ਦਾ ਕਿੱਤਾ ਕਰਨ ਵਾਲ਼ੇ ਨੂੰ ਕੀ ਕਿਹਾ ਜਾਣ ਲੱਗਾ? 2

(ੳ) ਲੁਹਾਰ/ਸੁਨਿਆਰ (ਅ) ਤਰਖਾਣ

(ੲ) ਕਿਸਾਨ (ਸ) ਕਲਾਕਾਰ

ਪ੍ਰਸ਼ਨ 88. 'ਕਿੱਤਾ' ਸ਼ਬਦ ਦਾ ਸੰਖੇਪ ਰੂਪ ਦੱਸੋ। 2

(ੳ) ਖੇਡਾਂ (ਅ) ਕਰਤੱਬ

(ੲ) ਕਿਰਤ (ਸ) ਕਾਰੋਬਾਰ

ਪ੍ਰਸ਼ਨ 89. ਪੁਰਾਣੇ ਸਮਿਆਂ ਵਿੱਚ ਕਿੱਤਾਕਾਰ ਨੂੰ ਮਜ਼ਦੂਰੀ ਕਿਸ ਰੂਪ ਵਿੱਚ ਦਿੱਤੀ ਜਾਂਦੀ ਸੀ? 2

(ੳ) ਰੁਪਏ-ਪੈਸੇ ਦੇ ਰੂਪ ਵਿੱਚ (ਅ) ਜਿਣਸ ਦੇ ਰੂਪ ਵਿੱਚ

(ੲ) ਕੱਪੜਿਆਂ ਦੇ ਰੂਪ ਵਿੱਚ (ਸ) ਰੋਟੀ-ਟੁੱਕ ਦੇ ਰੂਪ ਵਿੱਚ

ਪ੍ਰਸ਼ਨ 90. ਗਰਦਨ ਦੁਆਲ਼ੇ ਪਹਿਨਿਆ ਜਾਣ ਵਾਲ਼ਾ ਗਹਿਣਾ ਹੈ? 2

(ੳ) ਚੰਪਾਕਲੀ/ਤਵੀਤ/ਗਾਨੀ (ਅ) ਗੋਖੜ/ਮਹੀਬੰਦ/ਗਜ਼ਰੇ

(ੲ) ਕਲੀਚੜੀ/ਸੁੰਦਰੀ/ਆਰਸੀ (ਸ) ਪਿੱਪਲ-ਪੱਤੀਆਂ, ਢੇਡੂ/ਝੁਮਕੇ

ਪ੍ਰਸ਼ਨ 91. ਪਹੁੰਚੀ, ਕੰਗਣ, ਵੰਗਾਂ ਤੇ ਕਲੀਰੇ ਇਸਤਰੀਆਂ ਦੇ ਕਿੱਥੇ ਪਹਿਨੇ ਜਾਣ ਵਾਲ਼ੇ ਗਹਿਣੇ ਹਨ? 2

(ੳ) ਕੰਨ ਵਿੱਚ (ਅ) ਵੀਣੀ 'ਤੇ

(ੲ) ਸਿਰ 'ਤੇ (ਸ) ਕੰਨਾਂ ਵਿੱਚ

ਪ੍ਰਸ਼ਨ 92. ਲੋਕ-ਨਾਚ ਕੀ ਹੈ? 2

(ੳ) ਇੱਕ ਪ੍ਰਕਾਰ ਦੀ ਖ਼ੁਸ਼ੀ (ਅ) ਇੱਕ ਪ੍ਰਕਾਰ ਦੀ ਲੋਕ-ਕਲਾ

(ੲ) ਇੱਕ ਪ੍ਰਕਾਰ ਦਾ ਅਨੁਭਵ (ਸ) ਇੱਕ ਪ੍ਰਕਾਰ ਦੀ ਕਵਿਤਾ

ਪ੍ਰਸ਼ਨ 93. ਪੰਜਾਬ ਦੇ ਲੋਕ-ਨਾਚ ਕਿਹੋ-ਜਿਹੀ ਪ੍ਰਕਿਰਤੀ ਦੇ ਧਾਰਨੀ ਹਨ? 2

(ੳ) ਲੌਕਿਕ (ਅ) ਸਮਾਜਿਕ

(ੲ) ਆਰਥਿਕ (ਸ) ਰਾਜਨੀਤਿਕ

ਪ੍ਰਸ਼ਨ 94. ਮੂਲ-ਰੂਪ ਵਿੱਚ ਇਸਤਰੀ ਲੋਕ-ਨਾਚਾਂ ਦਾ ਸੰਬੰਧ ਕਿਸ ਨਾਲ਼ ਜੁੜਦਾ ਹੈ? 2

(ੳ) ਉਪਜਾਇਕਤਾ ਨਾਲ਼ (ਅ) ਰਾਜਨੀਤੀ ਨਾਲ਼

(ੲ) ਆਰਥਿਕਤਾ ਨਾਲ਼ (ਸ) ਫਿਰਕੂਪੁਣੇ ਨਾਲ਼

ਪ੍ਰਸ਼ਨ 95. ਇੱਕ ਪੰਜਾਬਣ ਆਪਣੇ-ਆਪ ਤੋਂ ਅਤੇ ਆਪਣੇ ਪਿੰਡ ਤੋਂ ਕਿਸ ਨਾਚ ਨੂੰ ਦੂਰ ਨਹੀਂ ਜਾਣ ਦੇਣਾ ਚਾਹੁੰਦੀ? 2

(ੳ) ਭੰਗੜਾ (ਅ) ਲੁੱਡੀ

(ੲ) ਗਿੱਧਾ (ਸ) ਝੂੰਮਰ

ਪ੍ਰਸ਼ਨ 96. ਆਪਣੇ ਹਰ ਪ੍ਰਕਾਰ ਦੇ ਕਾਰ-ਵਿਹਾਰ ਵਿੱਚ ਗਿੱਧੇ ਵਾਸਤੇ ਕੌਣ ਮੌਕੇ ਸਿਰਜ ਲੈਂਦੀਆਂ ਹਨ? 2

(ੳ) ਬੰਗਾਲਣਾਂ (ਅ) ਮਦਰਾਸਣਾਂ

(ੲ) ਪੰਜਾਬਣਾਂ (ਸ) ਗੁਜਰਾਤਣਾਂ

ਪ੍ਰਸ਼ਨ 97. ਹੇਠ ਲਿਖਿਆਂ ਵਿੱਚੋਂ ਕਿਸ ਲਈ ਖ਼ਾਸ ਸਟੇਜ ਦੀ ਲੋੜ ਨਹੀਂ ਪੈਂਦੀ? 2

(ੳ) ਇਕਾਂਗੀ ਲਈ (ਅ) ਨਾਟਕ ਲਈ

(ੲ) ਗਿੱਧੇ ਲਈ (ਸ) ਡਰਾਮੇ ਲਈ

ਪ੍ਰਸ਼ਨ 98. ਰਾਗ ਅਤੇ ਤਾਲ ਪੱਖੋਂ ਕਿਹੜਾ ਨਾਚ ਸੁਤੰਤਰਤਾ ਦਾ ਧਾਰਨੀ ਹੈ? 2

(ੳ) ਝੂੰਮਰ (ਅ) ਜੰਗਮ-ਨਾਚ

(ੲ) ਹੁੱਲੇ-ਹੁਲਾਰੇ (ਸ) ਗਿੱਧਾ

ਪ੍ਰਸ਼ਨ 99. ਬਾਰ ਦੇ ਇਲਾਕਿਆਂ ਵਿੱਚ ਕਿਹੜਾ ਇਸਤਰੀ ਲੋਕ-ਨਾਚ ਪ੍ਰਚਲਿਤ ਰਿਹਾ ਹੈ? 2

(ੳ) ਲੁੱਡੀ (ਅ) ਸੰਮੀ

(ੲ) ਝੂੰਮਰ (ਸ) ਗਿੱਧਾ

ਪ੍ਰਸ਼ਨ 100. ਸੰਮੀ ਨਾਮਕ ਕੁੜੀ ਦੇ ਵਾਰ-ਵਾਰ ਨਾਚ ਨੱਚਣ ਕਾਰਨ ਕਿਸ ਨਾਚ ਦਾ ਨਾਂ ਪੈ ਗਿਆ? 2

(ੳ) ਸੰਮੀ (ਅ) ਲੁੱਡੀ

(ੲ) ਗਿੱਧਾ (ਸ) ਭੰਗੜਾ

ਪ੍ਰਸ਼ਨ 101. ਸੰਮੀ ਕਿਸ ਦੇ ਵਿਯੋਗ ਵਿੱਚ ਨੱਚ-ਨੱਚ ਕੇ ਫਾਵੀ ਹੋ ਜਾਂਦੀ ਹੈ? 2

(ੳ) ਗੱਭਰੂ ਦੇ (ਅ) ਪਿਤਾ ਦੇ

(ੲ) ਭਰਾ ਦੇ (ਸ) ਢੋਲੇ ਦੇ

ਪ੍ਰਸ਼ਨ 102. ਸੰਮੀ ਲੋਕ-ਨਾਚ ਕਾਹਦੇ ਹਿਲੋਰਿਆਂ 'ਤੇ ਆਧਾਰਿਤ ਹੈ? 2

(ੳ) ਸਿਰ ਦੇ (ਅ) ਲੱਕ ਦੇ

(ੲ) ਲੱਤਾਂ ਦੇ (ਸ) ਬਾਹਾਂ ਦੇ

ਪ੍ਰਸ਼ਨ 103. ਕਿਸ ਲੋਕ-ਨਾਚ ਦੀ 'ਨਮਸਕਾਰ' ਜਾਂ 'ਸਲਾਮੀ' ਮੁਦਰਾ ਕਮਾਲ ਦੀ ਹੁੰਦੀ ਹੈ? 2

(ੳ) ਗਿੱਧੇ ਦੀ (ਅ) ਲੁੱਡੀ ਦੀ

(ੲ) ਸੰਮੀ ਦੀ (ਸ) ਭੰਗੜੇ ਦੀ

ਪ੍ਰਸ਼ਨ 104. ਕਿੱਕਲੀ ਜਾਂ ਕਿਰਕਲੀ ਤੋਂ ਭਾਵ ਕਿਹੜੀ ਅਵਾਜ਼ ਹੈ? 2

(ੳ) ਗ਼ਮ ਅਤੇ ਉਦਾਸੀ ਭਰਪੂਰ (ਅ) ਖ਼ੁਸ਼ੀ ਅਤੇ ਚਾਅ ਭਰਪੂਰ

(ੲ) ਚਿੰਤਾ ਅਤੇ ਫ਼ਿਕਰ ਭਰਪੂਰ (ਸ) ਰੋਣ ਅਤੇ ਕੁਰਲਾਉਣ ਭਰਪੂਰ

ਪ੍ਰਸ਼ਨ 105. ਤੀਬਰ ਗਤੀ ਦਾ ਜੁੱਟ-ਨਾਚ ਕਿਹੜਾ ਹੈ? 2

(ੳ) ਲੁੱਡੀ (ਅ) ਝੂੰਮਰ

(ੲ) ਕਿੱਕਲੀ (ਸ) ਭੰਗੜਾ

ਪ੍ਰਸ਼ਨ 106. ਪੁਰਾਤਨ ਗ੍ਰੰਥਾਂ ਵਿੱਚ ਕਿਸ ਨਾਚ ਦਾ ਨਾਂ ਹਲੀਸਨ ਸੀ? 2

(ੳ) ਧਮਾਲ ਦਾ (ਅ) ਲੁੱਡੀ ਦਾ

(ੲ) ਹੁੱਲੇ-ਹੁਲਾਰੇ (ਸ) ਭੰਗੜੇ ਦਾ

ਪ੍ਰਸ਼ਨ 107. ਪੰਜਾਬੀ ਗੱਭਰੂਆਂ ਦਾ ਪ੍ਰਮੁੱਖ ਲੋਕ-ਨਾਚ ਕਿਹੜਾ ਹੈ? 2

(ੳ) ਧਮਾਲ (ਅ) ਲੁੱਡੀ

(ੲ) ਗਿੱਧਾ (ਸ) ਭੰਗੜਾ

ਪ੍ਰਸ਼ਨ 108. ਪੱਛਮੀ ਪੰਜਾਬ ਦੇ ਸਾਂਦਲ ਬਾਰ ਦੇ ਲੋਕਾਂ ਦਾ ਪ੍ਰਸਿੱਧ ਲੋਕ-ਨਾਚ ਕਿਹੜਾ ਹੈ? 2

(ੳ) ਹੁੱਲੇ-ਹੁਲਾਰੇ (ਅ) ਝੂੰਮਰ

(ੲ) ਗਿੱਧਾ (ਸ) ਲੁੱਡੀ

ਪ੍ਰਸ਼ਨ 109. ਝੂੰਮਰ ਨਾਚ ਦਾ ਨਾਂ ਝੂੰਮਰ ਕਿਉਂ ਪਿਆ? 2

(ੳ) ਹਿੱਲ-ਹਿੱਲ ਕੇ ਨੱਚਣ ਕਾਰਨ (ਅ) ਛਾਲ਼ਾਂ ਮਾਰ ਕੇ ਨੱਚਣ ਕਾਰਨ

(ੲ) ਝੂਮ-ਝੂਮ ਕੇ ਨੱਚਣ ਕਾਰਨ (ਸ) ਝੁਕ-ਝੁਕ ਕੇ ਨੱਚਣ ਕਾਰਨ

ਪ੍ਰਸ਼ਨ 110. ਮਰਦਾਂ ਦਾ ਗਿੱਧਾ ਪੂਰਬੀ ਪੰਜਾਬ ਦੇ ਕਿਸ ਭੂ-ਖੰਡ ਵਿੱਚ ਪ੍ਰਚਲਿਤ ਹੈ? 2

(ੳ) ਦੁਆਬੇ ਵਿੱਚ (ਅ) ਮਾਲਵੇ ਵਿੱਚ

(ੲ) ਪੁਆਧ ਵਿੱਚ (ਸ) ਮਾਝੇ ਵਿੱਚ

ਪ੍ਰਸ਼ਨ 111. ਕਿਸ ਲੋਕ-ਨਾਚ ਵਿੱਚ ਨਾਚ ਵਰਗੀਆਂ ਮੁਦਰਾਵਾਂ ਘੱਟ ਤੇ ਬੋਲੀਆਂ ਦੀ ਭਰਮਾਰ ਵਧੇਰੇ ਹੁੰਦੀ ਹੈ? 2

(ੳ) ਧਮਾਲ ਨਾਚ ਵਿੱਚ(ਅ) ਮਰਦਾਂ ਦੇ ਗਿੱਧੇ ਵਿੱਚ

(ੲ) ਜੰਗਮ ਨਾਚ ਵਿੱਚ (ਸ) ਇਸਤਰੀਆਂ ਦੇ ਗਿੱਧੇ ਵਿੱਚ

ਪ੍ਰਸ਼ਨ 112. ਨਕਲਾਂ ਕਿਸ ਦੀ ਨਾਟਕੀ ਵਿਧਾ ਹੈ? 2

(ੳ) ਇਕਾਂਗੀ ਦੀ (ਅ) ਲੋਕ-ਨਾਟ ਦੀ

(ੲ) ਨਾਟਕ ਦੀ (ਸ) ਵਾਰਤਾਲਾਪ ਦੀ

ਪ੍ਰਸ਼ਨ 113. ਭੰਡ-ਭੰਡੌਤੀ ਕਿਸ ਨੂੰ ਆਖਦੇ ਹਨ? 2

(ੳ) ਕਹਾਣੀਆਂ ਨੂੰ (ਅ) ਨਾਟਕਾਂ ਨੂੰ

(ੲ) ਇਕਾਂਗੀਆਂ ਨੂੰ (ਸ) ਨਕਲਾਂ ਨੂੰ

ਪ੍ਰਸ਼ਨ 114. ਨਕਲਾਂ ਨੂੰ ਕਿਸ ਨੇ ਕਲਮਬੱਧ ਕੀਤਾ ਹੈ? 2

(ੳ) ਅਦਾਕਾਰਾਂ ਨੇ (ਅ) ਖੋਜਾਰਥੀਆਂ ਨੇ

(ੲ) ਵਿਦਿਆਰਥੀਆਂ ਨੇ (ਸ) ਪਰੀਖਿਆਰਥੀਆਂ ਨੇ

ਪ੍ਰਸ਼ਨ 115. ਨਕਲਾਂ ਸਮੇਂ ਦੇ ਪ੍ਰਸੰਗ ਵਿੱਚ ਕੀ ਰਹਿੰਦੀਆਂ ਹਨ? 2

(ੳ) ਕਿਰਿਆਸ਼ੀਲ (ਅ) ਨਿਰਜੀਵ

(ੲ) ਸਥਿਰ (ਸ) ਖੜੋਤ

ਪ੍ਰਸ਼ਨ 116. ਸਮਾਂ, ਸਥਾਨ ਤੇ ਪ੍ਰਸੰਗ ਬਦਲਣ ਨਾਲ ਨਕਲਾਂ ਦੀ ਕੀ ਘੱਟ-ਵੱਧ ਹੁੰਦੀ ਰਹਿੰਦੀ ਹੈ? 2

(ੳ) ਨਿਰਾਰਥਕਤਾ (ਅ) ਸਾਰਥਕਤਾ

(ੲ) ਨਿਰਜੀਵਤਾ (ਸ) ਸਥਿਰਤਾ

ਪ੍ਰਸ਼ਨ 117. ਰੂਪ ਦੇ ਪੱਖ ਤੋਂ ਨਕਲਾਂ ਕਿੰਨੇ ਕਿਸਮ ਦੀਆਂ ਹੁੰਦੀਆਂ ਹਨ? 2

(ੳ) ਚਾਰ (ਅ) ਤਿੰਨ

(ੲ) ਦੋ (ਸ) ਪੰਜ

ਪ੍ਰਸ਼ਨ 118. ਨਿੱਕੀਆਂ ਨਕਲਾਂ ਦਾ ਅੰਤ ਕਿਵੇਂ ਫਟਦਾ ਹੈ? 2

(ੳ) ਗੁਬਾਰੇ ਵਾਂਗ (ਅ) ਪਟਾਕੇ ਵਾਂਗ

(ੲ) ਟਿਊਬ ਵਾਂਗ (ਸ) ਕੱਪੜੇ ਵਾਂਗ

ਪ੍ਰਸ਼ਨ 119. ਸ਼ਬਦਾਂ ਦੇ ਮਹਿਲ ਕੌਣ ਉਸਾਰਦਾ ਹੈ? 2

(ੳ) ਬਿਗਲਾ (ਅ) ਰੰਗਾ

(ੲ) ਬਿੱਲਾ (ਸ) ਬੱਗਾ

ਪ੍ਰਸ਼ਨ 120. ਰੰਗਾ ਲੰਮੀ ਨਕਲ ਦਾ ਕੀ ਹੁੰਦਾ ਹੈ? 2

(ੳ) ਨਿਰਦੇਸ਼ਕ (ਅ) ਲੇਖਕ

(ੲ) ਕਹਾਣੀਕਾਰ (ਸ) ਵਾਰਤਾਕਾਰ

ਪ੍ਰਸ਼ਨ 121. ਲੰਮੀਆਂ ਨਕਲਾਂ ਖੇਡਣ ਲਈ ਲਗ-ਪਗ ਕਿੰਨੇ ਕਲਾਕਾਰ ਹੁੰਦੇ ਹਨ? 2

(ੳ) ਦੋ-ਤਿੰਨ (ਅ) ਚਾਰ-ਪੰਜ

(ੲ) ਦਸ-ਪੰਦਰਾਂ (ਸ) ਇੱਕ-ਦੋ

ਪ੍ਰਸ਼ਨ 122. ਕਿਸ ਦੀ ਸ਼ਕਲ ਵੇਖ ਕੇ ਹੀ ਹਾਸਾ ਆ ਜਾਂਦਾ ਹੈ? 2

(ੳ) ਰੰਗੇ ਦੀ (ਅ) ਬਿਗਲੇ ਦੀ

(ੲ) ਅਦਾਕਾਰ ਦੀ (ਸ) ਪਾਤਰਾਂ ਦੀ

ਪ੍ਰਸ਼ਨ 123. ਨਕਲੀਏ ਦੀ ਸੰਬੋਧਨ ਸ਼ੈਲੀ ਕਿਹੋ-ਜਿਹੀ ਹੁੰਦੀ ਹੈ? 2

(ੳ) ਛੋਟੀ-ਜਿਹੀ (ਅ) ਬਹੁ-ਪਸਾਰੀ

(ੲ) ਸੀਮਿਤ (ਸ) ਘੱਟ-ਸ਼ਬਦੀ

ਪ੍ਰਸ਼ਨ 124. ਕਿਸ ਪੱਖ ਤੋਂ ਨਕਲਾਂ ਸਮੂਹਿਕ ਤੇ ਖੁੱਲ੍ਹੇ ਚਰਿੱਤਰ ਦੀਆਂ ਧਾਰਨੀ ਹਨ? 2

(ੳ) ਦਰਸ਼ਕ ਪੱਖੋਂ (ਅ) ਰੂਪ ਪੱਖੋਂ

(ੲ) ਮੰਚ ਪੱਖੋਂ (ਸ) ਪਾਤਰ ਪੱਖੋਂ

ਪ੍ਰਸ਼ਨ 125. ਨਕਲਾਂ ਖੇਡਣ ਲਈ ਕਿੰਨੇ ਪ੍ਰਕਾਰ ਦਾ ਪਿੜ ਵਰਤਿਆ ਜਾਂਦਾ ਹੈ? 2

(ੳ) ਚਾਰ (ਅ) ਤਿੰਨ

(ੲ) ਛੇ (ਸ) ਦੋ

ਪ੍ਰਸ਼ਨ 126. ਮੁੰਡਾ ਜੰਮਣ 'ਤੇ ਅਖਾੜਾ ਕਿੱਥੇ ਲੱਗਦਾ ਹੈ? 2

(ੳ) ਘਰ ਦੇ ਵਿਹੜੇ ਵਿੱਚ (ਅ) ਬਾਹਰ ਗਲ਼ੀ ਵਿੱਚ

(ੲ) ਪਿੰਡ ਦੀ ਸਾਂਝੀ ਥਾਂ 'ਤੇ (ਸ) ਬੋਹੜ ਥੱਲੇ ਖੜੇ 'ਤੇ

ਪ੍ਰਸ਼ਨ 127. ਅੱਜ ਵੀ ਜਦੋਂ ਕਿਤੇ ਨਕਲਾਂ ਪੈਂਦੀਆਂ ਹਨ ਤਾਂ ਲੋਕ ਇਹਨਾਂ ਨੂੰ ਕਿਸ ਤਰ੍ਹਾਂ ਵੇਖਦੇ ਹਨ? 2

(ੳ) ਓਪਰੇ ਮਨ ਨਾਲ਼ (ਅ) ਤੁਰਦੇ-ਫਿਰਦੇ

(ੲ) ਬੜੀ ਦਿਲਚਸਪੀ ਨਾਲ਼ (ਸ) ਮਜਬੂਰੀ ਨਾਲ਼

ਪ੍ਰਸ਼ਨ 128. 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਲੇਖ ਕਿਸ ਦਾ ਲਿਖਿਆ ਹੋਇਆ ਹੈ? 2

(ੳ) ਡਾ: ਰਜਿੰਦਰ ਪਾਲ ਸਿੰਘ ਬਰਾੜ (ਅ) ਪਿਆਰਾ ਸਿੰਘ ਖੁੰਡਾ

(ੲ) ਕਿਰਪਾਲ ਸਿੰਘ (ਸ) ਗੁਲਜ਼ਾਰ ਸਿੰਘ ਸੰਧੂ

ਪ੍ਰਸ਼ਨ 129. ਪੰਜਾਬੀ ਸੱਭਿਆਚਾਰ ਦੇ ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਨੂੰ ਕੀ ਸਮਝਿਆ ਜਾਂਦਾ ਹੈ?2

(ੳ) ਪੈਰ ਦਾ ਗਹਿਣਾ (ਅ) ਪੈਰ ਦੀ ਜੁੱਤੀ

(ੲ) ਪੈਰ ਦਾ ਸ਼ਿੰਗਾਰ (ਸ) ਪੈਰ ਦੀ ਸ਼ਕੁੰਤਲਾ ਚੈਨ

ਪ੍ਰਸ਼ਨ 130. ਨਵੀਂ ਪੀੜ੍ਹੀ ਕਿਹੜੇ ਸਾਧਨਾਂ ਦੀ ਵਰਤੋਂ ਕਰ ਰਹੀ ਹੈ? 2

(ੳ) ਆਵਾਜਾਈ ਦੇ ਸਾਧਨਾਂ ਦੀ (ਅ) ਸੰਚਾਰ ਦੇ ਸਾਧਨਾਂ ਦੀ

(ੲ) ਪੜ੍ਹਾਈ ਦੇ ਸਾਧਨਾਂ ਦੀ (ਸ) ਅਰਾਮ ਦੇ ਸਾਧਨਾਂ ਦੀ

ਪ੍ਰਸ਼ਨ 131. ਕਿਹੜੀ ਭਾਸ਼ਾ ਹੈ ਜਿਹੜੀ ਸੱਭਿਆਚਾਰਿਕ ਕਲਾਵਾਂ ਦੀ ਅੰਤਰਰਾਸ਼ਟਰੀ ਮੰਡੀ ਬਣ ਗਈ? 2

(ੳ) ਪੰਜਾਬੀ (ਅ) ਅੰਗਰੇਜ਼ੀ

(ੲ) ਮਰਾਠੀ (ਸ) ਉਰਦੂ

ਪ੍ਰਸ਼ਨ 132. ਭਾਰਤੀ ਪੰਜਾਬ ਵਿੱਚ ਪੰਜਾਬੀ ਕਿਹੜੀ ਲਿਪੀ ਵਿੱਚ ਲਿਖੀ ਜਾਂਦੀ ਹੈ? 2

(ੳ) ਦੇਵਨਾਗਰੀ ਵਿੱਚ (ਅ) ਗੁਰਮੁਖੀ ਵਿੱਚ

(ੲ) ਰੋਮਨ ਵਿੱਚ (ਸ) ਸ਼ਾਹਮੁਖੀ ਵਿੱਚ

ਪ੍ਰਸ਼ਨ 133. ਅੱਜ ਪੰਜਾਬੀ, ਸਮਾਜ ਵਿੱਚ ਲੜਕੀ ਦੇ ਵਿਆਹ ਦੀ ਪ੍ਰਵਾਨਿਤ ਪੁਸ਼ਾਕ ਬਣਦੀ ਜਾ ਰਹੀ ਹੈ? 2

(ੳ) ਸਲਵਾਰ-ਕਮੀਜ਼ (ਅ) ਲਹਿੰਗਾ-ਚੋਲ਼ੀ

(ੲ) ਸਾੜ੍ਹੀ-ਬਲਾਉਜ਼ (ਸ) ਸਕਰਟ ਟੌਪ

ਪ੍ਰਸ਼ਨ 134. ਲੜਕੀਆਂ ਪੱਛਮੀ ਪ੍ਰਭਾਵ ਹੇਠ ਕੀ ਪਹਿਨਣ ਲੱਗੀਆਂ ਹਨ? 2

(ੳ) ਸਲਵਾਰ-ਕਮੀਜ਼ (ਅ) ਸਕਰਟ-ਟੌਪ

(ੲ) ਜੀਨ-ਟੌਪ (ਸ) ਅ ਅਤੇ ੲ ਦੋਵੇਂ

ਪ੍ਰਸ਼ਨ 135. ਪੰਜਾਬ ਵਿੱਚ ਮਾਸ ਪਕਾਉਣ ਦੇ ਬਹੁਤੇ ਤਰੀਕੇ ਕਿਹੜੇ ਹਮਲਾਵਰਾਂ ਨਾਲ਼ ਆਏ? 2

(ੳ) ਕੁਸ਼ਾਨਾਂ ਦੇ (ਅ) ਪਠਾਣਾਂ ਦੇ

(ੲ) ਮੁਗਲਾਂ ਦੇ (ਸ) ਯੂਨਾਨੀਆਂ ਦੇ

ਪ੍ਰਸ਼ਨ 136. ਢੋਕਲਾ ਕਿਸ ਪ੍ਰਾਂਤ ਨਾਲ ਸੰਬੰਧਿਤ ਹੈ? 2

(ੳ) ਬੰਗਾਲ ਨਾਲ਼ (ਅ) ਗੁਜਰਾਤ ਨਾਲ਼

(ੲ) ਦੱਖਣ ਨਾਲ਼ (ਸ) ਪੰਜਾਬ ਨਾਲ਼

ਪ੍ਰਸ਼ਨ 137. ਮੱਕੀ ਦੀ ਰੋਟੀ ਤੇ ਸਾਗ ਕਿੱਥੋਂ ਦਾ ਰਵਾਇਤੀ ਖਾਣਾ ਹੈ? 2

(ੳ) ਬੰਗਾਲ ਦਾ (ਅ) ਗੁਜਰਾਤ ਦਾ

(ੲ) ਪੰਜਾਬ ਦਾ (ਸ) ਦੱਖਣੀ ਭਾਰਤ ਦਾ

ਪ੍ਰਸ਼ਨ 138. ਪੰਜਾਬੀ ਸੱਭਿਆਚਾਰ ਦਾ ਵੱਡਾ ਧੱਬਾ ਕੀ ਹੈ? 2

(ੳ) ਸ਼ਰਾਬ (ਅ) ਲੱਸੀ (ੲ) ਕੋਲਡ ਡਰਿੰਕ (ਸ) ਸਰਬਤ

ਪ੍ਰਸ਼ਨ 139. ਸਾਡੇ ਮਿਲਣ-ਜੁਲਣ ਦੇ ਮੌਕੇ ਘੱਟ ਕਿਉਂ ਰਹੇ ਹਨ? 2

(ੳ) ਸਮਾਂ ਨਾ ਮਿਲਣ ਕਾਰਨ (ਅ) ਕੰਮ ਵਧਣ ਕਾਰਨ

(ੲ) ਵੀਜ਼ੇ ਦੀਆਂ ਬੰਦਸ਼ਾਂ ਕਾਰਨ (ਸ) ਉਪਰੋਕਤ ਵਿੱਚੋਂ ਕੋਈ ਵੀ ਨਹੀਂ

ਪ੍ਰਸ਼ਨ 140. ਛਪਾਰ ਦਾ ਮੇਲਾ ਕਿਹੜੇ ਜ਼ਿਲ੍ਹੇ ਵਿੱਚ ਲੱਗਦਾ ਹੈ? 2

(ੳ) ਲੁਧਿਆਣਾ (ਅ) ਰੋਪੜ

(ੲ) ਜਲੰਧਰ (ਸ) ਅੰਮ੍ਰਿਤਸਰ

ਪ੍ਰਸ਼ਨ 141. ਬਹੁਤੇ ਨਵੇਂ ਖਾਣੇ ਸਿਹਤ ਲਈ ਕਿਸ ਕਿਸਮ ਦੇ ਹਨ? 2

(ੳ) ਚੰਗੇ ਤੇ ਸਸਤੇ (ਅ) ਮਾੜੇ ਤੇ ਮਹਿੰਗੇ

(ੲ) ਮਾੜੇ ਤੇ ਸਸਤੇ (ਸ) ਸੁਆਦੀ ਅਤੇ ਮਹਿੰਗੇ

ਪ੍ਰਸ਼ਨ 142. 'ਬਹਿੜੀਏ ਦਾ ਮੇਲਾ' ਕਿਸ ਨੂੰ ਕਿਹਾ ਜਾਂਦਾ ਹੈ? 2

(ੳ) ਛਪਾਰ ਦੇ ਮੇਲੇ ਨੂੰ (ਅ) ਜਗਰਾਵਾਂ ਦੀ ਰੌਸ਼ਨੀ ਨੂੰ

(ੲ) ਜਰਗ ਦੇ ਮੇਲੇ ਨੂੰ (ਸ) ਰਾਮਤੀਰਥ ਦੇ ਮੇਲੇ ਨੂੰ 2

ਪ੍ਰਸ਼ਨ 143. 'ਪੰਜਾਬੀ ਸੱਭਿਆਚਾਰ' ਲੇਖ ਕਿਸ ਦੀ ਰਚਨਾ ਹੈ?

(ੳ) ਡਾ. ਜਸਵਿੰਦਰ ਸਿੰਘ (ਅ) ਡਾ. ਬਰਿੰਦਰ ਕੌਰ

(ੲ) ਗੁਲਜ਼ਾਰ ਸਿੰਘ ਸੰਧੂ (ਸ) ਡਾ. ਜੁਗਿੰਦਰ ਸਿੰਘ ਕੈਰੋਂ

ਪ੍ਰਸ਼ਨ 144. ਡਾ.ਬਰਿੰਦਰ ਕੌਰ ਦਾ ਲਿਖਿਆ ਲੇਖ ਕਿਹੜਾ ਹੇ?

(ੳ) ਨਕਲਾਂ (ਅ) ਪੰਜਾਬ ਦੇ ਮੇਲੇ ਤੇ ਤਿਉਹਾਰ

(ੲ) ਪੰਜਾਬੀ ਸੱਭਿਆਚਾਰ (ਸ)ਪੰਜਾਬ ਦੀਆਂ ਲੋਕ-ਖੇਡਾਂ

ਪ੍ਰਸ਼ਨ 145. ਕਿਹੜੀ ਚੀਜ਼ ਬੀਜ ਰੂਪ ਵਿੱਚ ਪੰਜਾਬੀ ਚਰਿੱਤਰ ਵਿੱਚ ਸਮਾਈ ਹੋਈ ਹੈ?

(ੳ) ਮੇਲਾ (ਅ) ਖੇਡਾਂ (ੲ) ਲੜਾਈ (ਸ) ਰੋਣਾ

ਪ੍ਰਸ਼ਨ 146. ਰੁੱਤਾਂ ਵਿੱਚ ਸਭ ਤੋਂ ਮਿੱਠੀ ਅਤੇ ਹੁਸੀਨ ਰੁੱਤ ਕਿਹੜੀ ਹੈ?

(ੳ) ਬਸੰਤ (ਅ) ਪੱਤਝੜ (ੲ) ਸਰਦੀ (ਸ) ਗਰਮੀ

ਪ੍ਰਸ਼ਨ 147. ਕਿਸੇ ਜਾਤੀ ਦੀ ਸੰਸਕ੍ਰਿਤਿਕ ਨੁਹਾਰ ਕਾਹਦੇ ਵਿੱਚੋਂ ਪੂਰੇ ਰੰਗ ਵਿੱਚ ਪ੍ਰਤਿਬਿੰਬਤ ਹੁੰਦੀ ਹੈ?

(ੳ) ਮੇਲਿਆਂ ਤੇ ਤਿਉਹਾਰ ਵਿੱਚੋਂ (ਅ) ਲੋਕ-ਖੇਡਾਂ ਵਿੱਚੋਂ

(ੲ) ਪਹਿਰਾਵੇ ਵਿੱਚੋਂ (ਸ) ਖਾਣ-ਪੀਣ ਵਿੱਚੋਂ

ਪ੍ਰਸ਼ਨ 148. ਪੱਛਮੀ ਪੰਜਾਬ ਵਿੱਚ ਹਰ ਪੂਰਨਮਾਸ਼ੀ ਨੂੰ ਕਿੱਥੇ ਮੇਲਾ ਲੱਗਦਾ ਹੈ?

(ੳ) ਕਰਤਾਰਪੁਰ ਵਿੱਚ (ਅ) ਪੰਜਾ ਸਾਹਿਬ ਵਿੱਚ

(ੲ) ਨਨਕਾਣਾ ਸਾਹਿਬ ਵਿੱਚ (ਸ) ਰਾਵਲਪਿੰਡੀ ਵਿੱਚ

ਪ੍ਰਸ਼ਨ 149. ਜਰਗ ਦੇ ਮੇਲੇ ਵਿੱਚ ਗੁਲਗੁਲੇ ਕਿਨ੍ਹਾਂ ਨੂੰ ਖੁਆਏ ਜਾਂਦੇ ਹਨ?

(ੳ) ਮੁੰਡਿਆਂ ਨੂੰ (ਅ) ਕੁੜੀਆ ਨੂੰ (ੲ) ਘੋੜਿਆਂ ਨੂੰ (ਸ) ਖੋਤਿਆਂ ਨੂੰ

ਪ੍ਰਸ਼ਨ 150. ਮੁਢਲਾ ਮਨੁੱਖ ਸਾਰੇ ਸੰਸਕਾਰਾਂ ਦਾ ਅਰੰਭ ਕਰਨ ਸਮੇਂ ਦੈਵੀ ਤਾਕਤਾਂ ਨੂੰ ਕਿਉਂ ਰਿਝਾਉਂਦਾ ਸੀ?

(ੳ) ਭੈ ਕਾਰਨ (ਅ) ਪਿਆਰ ਕਾਰਨ

(ੲ) ਮੋਹ ਕਾਰਨ (ਸ) ਲਾਲਚ ਕਾਰਨ

ਪ੍ਰਸ਼ਨ 151. ਲੋਕ-ਖੇਡਾਂ ਸਰੀਰਿਕ ਕਸਰਤ ਤੋਂ ਇਲਾਵਾ ਹੋਰ ਕਿਸ ਚੀਜ਼ ਦਾ ਸਾਧਨ ਹਨ?

(ੳ) ਮਨੋਰੰਜਨ ਦਾ (ਅ) ਪੜਾਈ ਦਾ (ੲ) ਕਾਰੋਬਾਰ ਦਾ (ਸ) ਮਨ-ਮਰਜ਼ੀ ਕਰਨ ਦਾ।

ਪ੍ਰਸ਼ਨ 152. ਪੇਂਡੂ ਲੋਕਾਂ ਦੇ ਮਨੋਰੰਜਨ ਦਾ ਪ੍ਰਮੁੱਖ ਸਾਧਨ ਕੀ ਰਿਹਾ ਹੈ?

(ੳ) ਰੇਡੀਓ ਪ੍ਰੋਗਰਾਮ (ਅ) ਟੈਲੀਵਿਜਨ ਪ੍ਰੋਗਰਾਮ

(ੲ) ਕੰਪਿਊਟਰ ਗੇਮਾਂ (ਸ) ਲੋਕ-ਖੇਡਾਂ

ਪ੍ਰਸ਼ਨ 153. ਹਿੰਦੂ ਪਰਿਵਾਰਾਂ ਵਿੱਚ ਬੱਚੇ ਦਾ ਮੁੰਡਨ ਸੰਸਕਾਰ ਕਦੋਂ ਕੀਤਾ ਜਾਂਦਾ ਹੈ?

(ੳ) ਤੀਜੇ ਤੋਂ ਪੰਜਵੇਂ ਵਰੇ ਵਿੱਚ (ਅ) ਪਹਿਲੇ ਵਰੇ ਵਿੱਚ

(ੲ) ਦੂਜੇ ਵਰੇ ਵਿੱਚ (ਸ) ਦਸਵੇਂ ਵਰੇ ਵਿੱਚ

ਪ੍ਰਸ਼ਨ-ਪੱਤਰ ਦੇ ਪ੍ਰਸ਼ਨ 5 ਤੋਂ 8 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 9)

ਖ਼ਾਲੀ ਥਾਂਵਾਂ ਭਰੋ:

ਪ੍ਰਸ਼ਨ 1 'ਤਾਜਮਹਲ' ਕਵਿਤਾ ................. ਦੀ ਲਿਖੀ ਹੋਈ ਹੈ। 2

ਪ੍ਰਸ਼ਨ 2 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ................ਦੀ ਲਿਖੀ ਹੋਈ ਹੈ। 2

ਪ੍ਰਸ਼ਨ 3 'ਵਗਦੇ ਪਾਣੀ' ਕਵਿਤਾ................ ਦੀ ਲਿਖੀ ਹੋਈ ਹੈ। 2

ਪ੍ਰਸ਼ਨ 4 ਹੇਠ ਲਿਖੇ ਸ਼ਬਦ-ਸਮੂਹ 'ਚੋਂ ਸ਼ਬਦ-ਕੋਸ਼ ਤਰਤੀਬ ਅਨੁਸਾਰ ਢੁਕਵੇਂ ਸ਼ਬਦ ਭਰੋ: 2

| | |
|---|---|
| ਖ਼ਾਲਸਾ | ਸਤਪੁਰਖ |
| ਸਤਪੁਰਖ | .......... |
| ਕੱਕਰ | .......... |
| ਕਸਰਤ | ਖ਼ਾਲਸਾ |

ਪ੍ਰਸ਼ਨ 5 ਹੇਠ ਲਿਖੇ ਸ਼ਬਦ-ਸਮੂਹ 'ਚੋਂ ਸ਼ਬਦ-ਕੋਸ਼ ਤਰਤੀਬ ਅਨੁਸਾਰ ਢੁਕਵੇਂ ਸ਼ਬਦ ਭਰੋ: 2

| | |
|---|---|
| ਥਰਮਾਮੀਟਰ | ਖਿਸਕ |
| ਤੀਰਥ | .......... |
| ਤਰਸਣਾ | .......... |
| ਖਿਸਕ | ਥਰਮਾਮੀਟਰ |

ਪ੍ਰਸ਼ਨ 6 ਹੇਠ ਲਿਖੇ ਸ਼ਬਦ-ਸਮੂਹ 'ਚੋਂ ਸ਼ਬਦ-ਕੋਸ਼ ਤਰਤੀਬ ਅਨੁਸਾਰ ਢੁਕਵੇਂ ਸ਼ਬਦ ਭਰੋ: 2

| | |
|---|---|
| ਡਿਓਢੀ | ਕਾਇਰ |
| ਠਠਿਆਰ | .......... |
| ਟਿਕਣਾ | .......... |
| ਕਾਇਰ | ਡਿਓਢੀ |

ਪ੍ਰਸ਼ਨ 7 ................. ਸਾਰਾ ਟੱਬਰ ਤਿਹਾਇਆ। 2

ਪ੍ਰਸ਼ਨ 8 ................. ਬਾਬਾ ਤਿਹਾਈ। 2

ਪ੍ਰਸ਼ਨ 9 ................. ਆਪੇ ਮੇਰੇ ਬੱਚੇ ਜੀਣ। 2

ਪ੍ਰਸ਼ਨ 10 'ਨੀਲੀ' ਕਹਾਣੀ ................. ਦੀ ਲਿਖੀ ਹੋਈ ਹੈ। 2

ਪ੍ਰਸ਼ਨ 11 'ਸਾਂਝ' ਕਹਾਣੀ ................. ਦੀ ਲਿਖੀ ਹੋਈ ਹੈ। 2

ਪ੍ਰਸ਼ਨ 12 'ਆਪਣਾ ਦੇਸ' ਕਹਾਣੀ ................. ਦੀ ਲਿਖੀ ਹੋਈ ਹੈ। 2

ਪ੍ਰਸ਼ਨ-ਪੱਤਰ ਦੇ ਪ੍ਰਸ਼ਨ 9 ਤੋਂ 12 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 70)

ਹੇਠ ਲਿਖਿਆਂ ਵਿੱਚੋਂ ਕਿਹੜੇ ਕਥਨ ਸਹੀ ਹਨ ਅਤੇ ਕਿਹੜੇ ਗ਼ਲਤ:

1. ਹਰੇਕ ਭਾਸ਼ਾ ਵਿੱਚ ਸੱਭਿਆਚਾਰ ਲਈ ਵੱਖ-ਵੱਖ ਸ਼ਬਦ ਵਰਤੇ ਜਾਂਦੇ ਹਨ ਪਰ ਇਹਨਾਂ ਦਾ ਭਾਵ ਇੱਕੋ ਨਹੀਂ ਹੈ। 2
2. 1947 ਦੀ ਵੰਡ ਪੰਜਾਬੀਆਂ ਉੱਤੇ ਕਹਿਰ ਬਣ ਕੇ ਟੁੱਟੀ। 2
3. ਬੰਗਾਲੀ ਪੰਜਾਬ ਦਾ ਉਪ ਸੱਭਿਆਚਾਰ ਰਿਹਾ ਹੈ। 2
4. ਪਾਣਿਨੀ ਦਾ ਨਿਯਮਬੱਧ ਵਿਆਕਰਨ ਗ੍ਰੰਥ ਵੀ ਪੰਜਾਬ ਵਿੱਚ ਰਚਿਆ ਗਿਆ। 2
5. ਤਕਸ਼ਿਲਾ ਵਰਗੇ ਮਹਾਨ ਵਿਸ਼ਵ ਵਿਦਿਆਲੇ ਦੀ ਸਥਾਪਨਾ ਬਿਹਾਰ ਵਿਚ ਕੀਤੀ ਗਈ ਸੀ। 2
6. ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਹਾ ਜਾਂਦਾ ਹੈ। 2
7. 1966 ਵਿੱਚ ਭਾਸ਼ਾਈ ਆਧਾਰ 'ਤੇ ਪੰਜਾਬ ਰਾਜ ਨੂੰ ਤਿੰਨ ਹਿੱਸਿਆ ਵਿੱਚ ਤਕਸੀਮ ਕੀਤਾ ਗਿਆ। 2
8. ਪੰਜਾਬੀਆਂ ਦਾ ਸੁਭਾਅ 'ਮਿੱਸਾ' ਅਤੇ 'ਦਰੁਸਤ' ਹਾਜ਼ਮੇ ਵਾਲਾ ਨਹੀਂ ਹੈ। 2
9. ਪੰਜਾਬ ਦੀ ਇਸ ਧਰਤੀ ਦਾ ਇਹ ਨਾਂ ਤਾਂ ਮੁਸਲਮਾਨਾਂ ਦੇ ਆਉਣ ਤੇ ਪ੍ਰਚਲਿਤ ਹੋਇਆ। 2
10. ਸੱਭਿਆਚਾਰ ਵਿੱਚ ਪਰੰਪਰਾ ਦਾ ਅੰਸ਼ ਬਿਲਕੁਲ ਮੌਜੂਦ ਨਹੀਂ। 2
11. ਕਿਰਤ ਕਰਨਾ ਅਤੇ ਕਿਰਤ ਦੀ ਕਮਾਈ ਉੱਤੇ ਹੱਕ ਜਤਾਉਣ ਦੀ ਪ੍ਰਵਿਰਤੀ ਉਹਨਾਂ ਦੀ ਖ਼ੂਬੀ ਨਹੀਂ ਹੈ। 2
12. ਮੇਲਿਆਂ ਵਿੱਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ, ਲੋਕ ਪ੍ਰਤਿਭਾ ਨਿੱਖਰਦੀ ਤੇ ਚਰਿੱਤਰ ਨਿਰਮਾਣ ਹੁੰਦਾ ਹੈ। 2
13. ਮੇਲੇ ਧਾਰਮਿਕ ਅਤੇ ਕਲਾਤਮਿਕ ਭਾਵਾਂ ਦੀ ਤ੍ਰਿਪਤੀ ਕਰਦੇ ਹਨ। 2
14. ਮੇਲਾ, ਬੀਜ ਰੂਪ ਵਿੱਚ, ਪੰਜਾਬੀ ਚਰਿੱਤਰ ਵਿੱਚ ਹੀ ਸਮਾਇਆ ਹੋਇਆ ਹੈ। 2
15. ਜਿੱਥੇ ਚਾਰ ਪੰਜਾਬੀ ਜੁੜ ਜਾਣ, ਉਹ ਤੁਰਦਾ-ਫਿਰਦਾ ਮੇਲਾ ਨਹੀਂ ਬਣ ਜਾਂਦਾ। 2
16. ਪੰਜਾਬੀ ਮੇਲੇ ਵਿੱਚ ਸੱਚਮੁੱਚ ਲਾੜਾ ਨਹੀਂ ਬਣਿਆ ਫਿਰਦਾ। 2
17. ਮੇਲਿਆਂ ਦੀ ਬਹੁ-ਰੰਗਤਾ ਪੰਜਾਬੀਆਂ ਦੀ ਬਹੁਪੱਖੀ ਜ਼ਿੰਦਗੀ ਦਾ ਹੁੰਗਾਰਾ ਭਰਦੀ ਹੈ। 2
18. ਪੰਜਾਬ ਦੇ ਬਹੁਤੇ ਮੇਲੇ ਮੌਸਮਾਂ, ਰੁੱਤਾਂ ਅਤੇ ਤਿਉਹਾਰਾਂ ਨਾਲ ਸੰਬੰਧਿਤ ਹਨ। 2
19. ਪਟਿਆਲੇ ਤੇ ਛੇਹਰਟਾ ਦੀ ਬਸੰਤ ਪੰਚਮੀ ਖ਼ਾਸ ਪ੍ਰਸਿੱਧ ਹੈ। 2
20. ਹੋਲੀ ਰੰਗਾਂ ਦਾ ਤਿਉਹਾਰ ਹੈ। 2
21. ਹੋਲੇ-ਮਹੱਲੇ ਨੂੰ ਅਨੰਦਪੁਰ ਸਾਹਿਬ ਵਿੱਚ ਭਾਰੀ ਮੇਲਾ ਲਗਦਾ ਹੈ। 2
22. ਪਰਲੋ ਵੇਲ਼ੇ ਵਿਸ਼ਨੂੰ ਭਗਵਾਨ ਸ਼ੇਸ਼ਨਾਗ ਦੀ ਸੇਜ ਉੱਤੇ ਹੀ ਨਿਵਾਸ ਕਰਦੇ ਹਨ। 2
23. ਗੁੱਗੇ ਦੀ ਸਿਮਰਤੀ ਵਿੱਚ ਇੱਕ ਵੱਡਾ ਮੇਲਾ ਛਪਾਰ ਵਿੱਚ ਲਗਦਾ ਹੈ। 2
24. ਖਾਨਗਾਹਾਂ ਪੀਰਾਂ ਦੀਆਂ ਕਬਰਾਂ ਹੁੰਦੀਆਂ ਹਨ। 2
25. ਪ੍ਰੋ: ਪੂਰਨ ਸਿੰਘ ਅਨੁਸਾਰ ਪੰਜਾਬ ਜਿਉਂਦਾ ਹੀ ਸੁਰਾਂ ਦੇ ਨਾਂ ਉੱਤੇ ਹੈ। 2

26. ਮਾਘੀ ਵਾਲ਼ੇ ਦਿਨ ਮੁਕਤਸਰ ਵਿੱਚ ਮੇਲਾ ਨਹੀਂ ਲੱਗਦਾ। 2

27. ਪੰਜਾਬ ਵਿੱਚ ਤਿਉਹਾਰਾਂ ਦਾ ਲੰਮਾ ਕਾਫਲਾ ਤੁਰਿਆ ਨਹੀਂ ਰਹਿੰਦਾ। 2

28. ਰਾਮਨੌਮੀ ਨੂੰ ਮੰਦਰਾਂ ਵਿੱਚ ਸ੍ਰੀ ਰਾਮ ਚੰਦਰ ਜੀ ਦੀ ਮਹਿਮਾ ਵਿੱਚ ਭਜਨ ਗਾਏ ਜਾਂਦੇ ਹਨ। 2

29. ਭਾਦਰੋਂ ਦੇ ਮਹੀਨੇ ਗੁੱਗਾ ਨੌਮੀ ਦਾ ਤਿਉਹਾਰ ਆਉਂਦਾ ਹੈ। 2

30. ਸ੍ਰੀ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਦੀਵਾਲੀ ਦਾ ਜਲੌਅ ਵੇਖਣ ਵਾਲ਼ਾ ਹੁੰਦਾ ਹੈ। 2

31. ਪੰਜਾਬ ਵਿੱਚ ਮੇਲਿਆਂ ਅਤੇ ਤਿਉਹਾਰਾਂ ਦਾ ਕਾਫ਼ਲਾ ਨਿਰੰਤਰ ਤੁਰਿਆ ਰਹਿੰਦਾ ਹੈ। 2

32. ਜੀਵਨ ਨਾਟਕ ਦੀਆਂ ਤਿੰਨਾਂ ਝਾਕੀਆਂ ਦੇ ਰੰਗ ਮੰਚ ਆਮ ਤੌਰ 'ਤੇ ਘਰਾਂ ਦੇ ਵਿਹੜੇ ਹੁੰਦੇ ਹਨ। 2

33. ਮੁਢਲੇ ਮਨੁੱਖ ਨੂੰ ਦੈਵੀ ਤਾਕਤਾਂ ਦਾ ਭੈ ਸਾਥੋਂ ਜ਼ਿਆਦਾ ਸੀ। 2

34. ਕੁਝ ਸੰਸਕਾਰ, ਖ਼ੁਸ਼ੀਆਂ ਦੇ ਪ੍ਰਗਟਾਵੇ ਤੋਂ ਵੀ ਪੈਦਾ ਹੁੰਦੇ ਸਿੱਧ ਹੁੰਦੇ ਹਨ। 2

35. ਅਗਨੀ ਚਾਨਣ ਦਾ ਚਿੰਨ੍ਹ ਨਹੀਂ ਹੈ। 2

36. ਹਰੀ ਘਾਹ ਨੂੰ “ਦੱਭ” ਵੀ ਕਹਿੰਦੇ ਹਨ। 2

37. ਗੁੜ੍ਹਤੀ ਮਿਸਰੀ ਦੀ ਡਲ਼ੀ ਜਾਂ ਕਿਸੇ ਭੇਡ ਬੱਕਰੀ ਦੇ ਦੁੱਧ ਦੀ ਦਿੱਤੀ ਜਾਂਦੀ ਹੈ। 2

38. ਮੁੰਡੇ ਦੇ ਦਾਦਕਿਆਂ ਵੱਲੋਂ ‘ਛੂਛਕ’ ਭੇਜਣ ਦਾ ਰਿਵਾਜ ਆਮ ਹੈ। 2

39. ਹੁਣ ਧੀਆਂ ਪ੍ਰਤਿ ਦ੍ਰਿਸ਼ਟੀਕੋਣ ਬਦਲ ਰਿਹਾ ਹੈ। 2

40. ਸੱਤ ਜਾਂ ਨੌਂ ਦਿਨ ਪਹਿਲਾਂ “ਕੜਾਹੀ ਚੜ੍ਹਾਈ” ਜਾਂਦੀ ਹੈ। 2

41. ਵਿਆਹ ਵਿੱਚ ਫੇਰਿਆਂ ਦੀ ਰਸਮ ਬਹੁਤ ਮਹੱਤਵਪੂਰਨ ਹੈ। 2

42. ਮਿਰਤਕ ਦੇਹੀ ਨੂੰ ਚਿਖਾ ਉੱਤੇ ਲਿਟਾ ਦਿੱਤਾ ਜਾਂਦਾ ਹੈ। 2

43. ਮੁਸਲਮਾਨ ਸੁੰਨਤ ਦੀ ਰਸਮ ਕਰਦੇ ਹਨ। 2

44. ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। 2

45. ਪੀਲ ਪਲੀਂਘਣ ਦੀ ਖੇਡ ਗਰਮੀ ਦੀ ਰੁੱਤ ਦੀ ਖੇਡ ਹੈ। 2

46. ਬੱਚੇ ਆਮ ਕਰਕੇ ਦੌੜਨ ਵਾਲੀਆਂ ਖੇਡਾਂ ਖੇਡਦੇ ਹਨ। 2

47. ਸੱਕਰ ਭਿੱਜੀ ਸਿਰਫ਼ ਕੁੜੀਆਂ ਦੀ ਹਰਮਨ-ਪਿਆਰੀ ਖੇਡ ਹੈ। 2

48. ਕੁਸ਼ਤੀ ਜ਼ੋਰ-ਅਜ਼ਮਾਈ ਵਾਲ਼ੀ ਖੇਡ ਹੈ। 2

49. ਪੰਜ-ਛੇ ਸਾਲ ਦੇ ਬੱਚੇ ਸੁਚੇਤ ਪੱਧਰ 'ਤੇ ਖੇਡਾਂ ਨਹੀਂ ਖੇਡਦੇ। 2

50. ਪੁੱਗਣ ਦੇ ਗੀਤਾਂ ਦਾ ਰੂਪ ਦੋ ਤਰ੍ਹਾਂ ਦਾ ਹੁੰਦਾ ਹੈ। 2

51. ਤੇਲੀ ਦੇ ਕੋਹਲੂ ਨਾਲ਼ ਕੱਪੜਾ ਬੁਣਿਆ ਜਾਂਦਾ ਹੈ। 2

52. ਪੁਰਸ਼ ਕੜਾ ਪਹਿਨਦੇ ਹਨ। 2

53. ਲੋਕ-ਕਲਾ ਪੀੜ੍ਹੀ-ਦਰ-ਪੀੜ੍ਹੀ ਸਿੱਖੀ ਜਾਂਦੀ ਹੈ। 2

54. ਲੋਕ-ਕਲਾ ਦੇ ਨਿਯਮ ਸਖ਼ਤ ਹੁੰਦੇ ਹਨ। 2

55. ਮਾਘ ਮਹੀਨੇ ਵਿੱਚ ਅਹੋਈ ਦੀ ਮੂਰਤੀ ਵੀ ਕੰਧ ਉੱਪਰ ਉਲੀਕੀ ਜਾਂਦੀ ਹੈ। 2

56. ਲੋਕ-ਕਲਾ ਵਿੱਚ ਬਾਗ਼ ਅਤੇ ਫੁਲਕਾਰੀ ਦੀ ਕਢਾਈ ਦੀ ਵਿਸ਼ੇਸ਼ਤਾ ਹੈ। 2

57. ਫੁਲਕਾਰੀ ਵਿੱਚ ਖੱਦਰ ਨੂੰ ਨੀਲਾ ਰੰਗ ਕੀਤਾ ਜਾਂਦਾ ਹੈ। 2

58. ਲੋਕ-ਨਾਚ ਲੋਕ ਮਨੋਰੰਜਨ ਦਾ ਸਾਧਨ ਹਨ। 2

59. ਜੀਵਨ ਨਾਟਕ ਦੀਆਂ ਭਿੰਨ-ਭਿੰਨ ਰਸਮਾਂ ਵਿੱਚ ਨਾਈ ਤੇ ਭਾਈ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। 2

60. 'ਅੱਡੀ-ਛੜੱਪਾ' ਜਾਂ 'ਅੱਡੀ ਟੱਪਾ' ਕੁੜੀਆਂ ਦੀ ਹਰਮਨ-ਪਿਆਰੀ ਖੇਡ ਹੈ। 2

61. ਪੰਜਾਬੀਆਂ ਲਈ ਹਰ ਪਲ ਤੇ ਹਰ ਪੁਰਬ ਮੇਲਾ ਹੁੰਦਾ ਹੈ। 2

62. ਬੱਚੇ ਨੂੰ ਦਿੱਤੀ ਗੁੜ੍ਹਤੀ ਦਾ ਉਸ ਦੇ ਸੁਭਾਅ ਉੱਤੇ ਚੋਖਾ ਅਸਰ ਮੰਨਿਆ ਜਾਂਦਾ ਹੈ। 2

63. ਜੀਵਨ ਨਾਟਕ ਦੇ ਅਰੰਭ ਤੋਂ ਅੰਤ ਤੱਕ ਭਿੰਨ-ਭਿੰਨ ਰਸਮ-ਰਿਵਾਜ ਕੀਤੇ ਜਾਂਦੇ ਹਨ। 2

64. 'ਸੌਚੀ ਪੱਕੀ' ਹਾਕੀ ਨਾਲ਼ ਮਿਲ਼ਦੀ-ਜੁਲ਼ਦੀ ਖੇਡ ਹੈ। 2

65. 'ਵਾਹ, ਕਿੰਨਾ ਸੁੰਦਰ ਫੁੱਲ ਹੈ!' ਇੱਕ ਨਾਂਹ-ਵਾਚਕ ਵਾਕ ਹੈ। 2

66. 'ਉਹ ਕਦੇ ਝੂਠ ਨਹੀਂ ਬੋਲਦਾ।' ਇੱਕ ਹਾਂ-ਵਾਚਕ ਵਾਕ ਹੈ। 2

67. 'ਤੇਰੇ ਭਰਾ ਦਾ ਨਾਂ ਕੀ ਹੈ?' ਇੱਕ ਸਧਾਰਨ ਵਾਕ ਹੈ। 2

68. 'ਘਰ ਜਾਹ ਆਪਣੇ' ਕਹਾਣੀ 'ਚ ਗਵੱਈਏ ਨੇ ਹਾਰਮੋਨੀਅਮ ਨਾਲ਼ ਆਪਣਾ ਗਾਣਾ ਗਾਇਆ। 2

69. 'ਮਾੜਾ ਬੰਦਾ' ਕਹਾਣੀ ਪ੍ਰੇਮ ਪ੍ਰਕਾਸ਼ ਦੀ ਲਿਖੀ ਹੋਈ ਹੈ। 2

70. ਨਿਰੰਜਨ ਸਿੰਘ 'ਨੀਲੀ' ਕਹਾਣੀ ਦਾ ਮੁੱਖ ਪਾਤਰ ਹੈ। 2

71. ਜੀਵਨ ਨਾਟਕ ਦੇ ਅਰੰਭ ਤੋਂ ਅੰਤ ਤੱਕ ਭਿੰਨ-ਭਿੰਨ ਰਸਮ-ਰਿਵਾਜ ਕੀਤੇ ਜਾਂਦੇ ਹਨ। 2

72. ਪੰਜਾਬੀਆਂ ਲਈ ਹਰ ਪਲ ਤੇ ਹਰ ਪੁਰਬ ਮੇਲਾ ਹੁੰਦਾ ਹੈ। 2

73. ਜੀਵਨ ਨਾਟਕ ਦੀਆਂ ਭਿੰਨ-ਭਿੰਨ ਰਸਮਾਂ ਵਿੱਚ ਨਾਈ ਤੇ ਭਾਈ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। 2

74. ਬੱਚੇ ਨੂੰ ਦਿੱਤੀ ਗੁੜ੍ਹਤੀ ਦਾ ਉਸ ਦੇ ਸੁਭਾਅ ਉੱਤੇ ਚੋਖਾ ਅਸਰ ਮੰਨਿਆ ਜਾਂਦਾ ਹੈ। 2

75. 'ਸੌਚੀ ਪੱਕੀ' ਹਾਕੀ ਨਾਲ ਮਿਲਦੀ-ਜੁਲਦੀ ਖੇਡ ਹੈ। 2

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 13 ਤੋਂ 15 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 9)**

**ਸਹੀ ਮਿਲਾਣ ਕਰੋ:**

ਪ੍ਰਸ਼ਨ 1 ਲੇਖਕਾਂ ਦੇ ਨਾਂ ਉਹਨਾਂ ਦੀਆਂ ਰਚਨਾਵਾਂ ਦੇ ਸਾਮ੍ਹਣੇ ਠੀਕ ਕਰਕੇ ਦੁਬਾਰਾ ਲਿਖੋ: 2

| | | |
|---|---|---|
| ਪੰਜਾਬ ਦੇ ਲੋਕ-ਨਾਚ | : | ਸ੍ਰੀ ਗੁਲਜ਼ਾਰ ਸਿੰਘ ਸੰਧੂ |
| ਪੰਜਾਬੀ ਸੱਭਿਆਚਾਰ | : | ਡਾ.ਜਗੀਰ ਸਿੰਘ ਨੂਰ |

| | | | | |
|---|---|---|---|---|
| | ਪੰਜਾਬ ਦੇ ਰਸਮ-ਰਿਵਾਜ | : | ਡਾ. ਬਰਿੰਦਰ ਕੌਰ | |
| ਪ੍ਰਸ਼ਨ 2 | ਪੰਜਾਬ ਦੇ ਰਸਮ-ਰਿਵਾਜ | : | ਡਾ. ਰਾਜਿੰਦਰਪਾਲ ਸਿੰਘ ਬਰਾੜ | 2 |
| | ਪੰਜਾਬੀ ਸੱਭਿਆਚਾਰਿਕ ਪਰਿਵਰਤਨ | : | ਸ੍ਰੀ ਸੁਖਦੇਵ ਮਾਦਪੁਰੀ | |
| | ਪੰਜਾਬ ਦੀਆਂ ਲੋਕ-ਖੇਡਾਂ | : | ਸ੍ਰੀ ਗੁਲਜ਼ਾਰ ਸਿੰਘ ਸੰਧੂ | |
| ਪ੍ਰਸ਼ਨ 3 | ਪੰਜਾਬ ਦੀਆਂ ਨਕਲਾਂ | : | ਸ੍ਰੀ ਕਿਰਪਾਲ ਕਜ਼ਾਕ | 2 |
| | ਪੰਜਾਬ ਦੇ ਮੇਲੇ ਤੇ ਤਿਉਹਾਰ | : | ਸ੍ਰੀ ਪਿਆਰਾ ਸਿੰਘ ਖੁੰਡਾ | |
| | ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ | : | ਡਾ. ਐੱਸ.ਐੱਸ ਵਣਜਾਰਾ ਬੇਦੀ | |
| ਪ੍ਰਸ਼ਨ 4 | ਕਹਾਣੀਆਂ ਦੇ ਨਾਂ ਸੰਬੰਧਿਤ ਲੇਖਕਾਂ ਸਾਮ੍ਹਣੇ ਲਿਖੋ: | | | 2 |
| | ਗੁਲਜ਼ਾਰ ਸਿੰਘ ਸੰਧੂ | : | ਸਾਂਝ | |
| | ਕਰਤਾਰ ਸਿੰਘ ਦੁੱਗਲ | : | ਘਰ ਜਾਹ ਆਪਣੇ | |
| | ਸੁਜਾਨ ਸਿੰਘ | : | ਨੀਲੀ | |
| ਪ੍ਰਸ਼ਨ 5 | ਸੰਤੋਖ ਸਿੰਘ ਧੀਰ | : | ਸਤੀਆਂ ਸੇਈ | 2 |
| | ਪ੍ਰੇਮ ਪ੍ਰਕਾਸ਼ | : | ਆਪਣਾ ਦੇਸ | |
| | ਦਲੀਪ ਕੌਰ ਟਿਵਾਣਾ | : | ਮਾੜਾ ਬੰਦਾ। | |
| ਪ੍ਰਸ਼ਨ 6 | ਸੁਜਾਨ ਸਿੰਘ | : | ਸਤੀਆਂ ਸੇਈ | 2 |
| | ਦਲੀਪ ਕੌਰ ਟਿਵਾਣਾ | : | ਘਰ ਜਾਹ ਆਪਣੇ | |
| | ਗੁਲਜ਼ਾਰ ਸਿੰਘ ਸੰਧੂ | : | ਸਾਂਝ | |
| ਪ੍ਰਸ਼ਨ 7 | ਕਵਿਤਾ ਦਾ ਨਾਂ ਸੰਬੰਧਿਤ ਕਵੀ ਸਾਮ੍ਹਣੇ ਲਿਖੋ | : | | 2 |
| | ਦੋਸਤਾ | : | ਹਰਿਭਜਨ ਸਿੰਘ | |
| | ਮੇਰਾ ਬਚਪਨ | : | ਸੁਰਜੀਤ ਪਾਤਰ | |
| | ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ | : | ਪਿਆਰਾ ਸਿੰਘ ਸਹਿਰਾਈ। | |
| ਪ੍ਰਸ਼ਨ 8 | ਵਾਰਸ ਸ਼ਾਹ | : | ਭਾਈ ਵੀਰ ਸਿੰਘ | 2 |
| | ਟੁਕੜੀ ਜਗ ਤੋਂ ਨਯਾਰੀ | : | ਪ੍ਰੋ. ਮੋਹਨ ਸਿੰਘ | |
| | ਤਾਜਮਹਲ | : | ਅੰਮ੍ਰਿਤਾ ਪ੍ਰੀਤਮ | |
| ਪ੍ਰਸ਼ਨ 9 | ਚੁੰਮ-ਚੁੰਮ ਰੱਖੋ | : | ਡਾ. ਦੀਵਾਨ ਸਿੰਘ ਕਾਲੇਪਾਣੀ | 2 |
| | ਵਗਦੇ ਪਾਣੀ | : | ਪ੍ਰੋ. ਪੂਰਨ ਸਿੰਘ | |
| | ਪੁਰਾਣੇ ਪੰਜਾਬ ਨੂੰ ਅਵਾਜ਼ਾਂ | : | ਨੰਦ ਲਾਲ ਨੂਰਪੁਰੀ। | |

15×2=30

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 16 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 57)**

## ਪਾਠ-1 ਪੰਜਾਬੀ ਸੱਭਿਆਚਾਰ

ਪ੍ਰਸ਼ਨ 1. ਸੱਭਿਆਚਾਰ ਦੀ ਪਰਿਭਾਸ਼ਾ ਕੀ ਹੈ? 5

ਪ੍ਰਸ਼ਨ 2. ਸੱਭਿਆਚਾਰ ਅਤੇ ਉਪ ਸੱਭਿਆਚਾਰ ਵਿੱਚ ਕੀ ਅੰਤਰ ਹੈ? 5

ਪ੍ਰਸ਼ਨ 3. ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸੋ। 5

ਪ੍ਰਸ਼ਨ 4. ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ? 5

ਪ੍ਰਸ਼ਨ 5. ਸੰਸਾਰ ਦੇ ਸੱਭਿਆਚਾਰਾਂ ਵਿੱਚੋਂ ਪੰਜਾਬੀ ਸੱਭਿਆਚਾਰ ਕਿਵੇਂ ਵਿਲੱਖਣ ਹੈ? 5

## ਪਾਠ-2 ਪੰਜਾਬ ਦੇ ਮੇਲੇ ਤੇ ਤਿਉਹਾਰ

ਪ੍ਰਸ਼ਨ 6. ਮੇਲਿਆਂ ਦਾ ਕਿਸੇ ਜਾਤੀ ਲਈ ਕੀ ਮਹੱਤਵ ਹੁੰਦਾ ਹੈ?

ਪ੍ਰਸ਼ਨ 7. 'ਮੇਲਾ' ਸ਼ਬਦ ਬੀਜ ਰੂਪ 'ਚ ਪੰਜਾਬੀ ਚਰਿੱਤਰ ਵਿੱਚ ਹੀ ਸਮਾਇਆ ਹੈ, ਦੱਸੋ ਕਿਵੇਂ?

ਪ੍ਰਸ਼ਨ 8. ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ?

ਪ੍ਰਸ਼ਨ 9. ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ-ਕਿਹੜੇ ਹਨ? ਇਹਨਾਂ ਵਿੱਚੋਂ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ।

ਪ੍ਰਸ਼ਨ 10. ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸਰਪ-ਪੂਜਾ ਨਾਲ਼ ਸੰਬੰਧਿਤ ਕਿਹੜੇ ਮੇਲੇ ਹਨ? ਇਹਨਾਂ ਵਿੱਚੋਂ ਕਿਸੇ ਇੱਕ ਮੇਲੇ ਦਾ ਵਰਨਣ ਕਰੋ।

ਪ੍ਰਸ਼ਨ 11. ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ? ਦੇਵੀ ਮਾਤਾ ਨਾਲ਼ ਸੰਬੰਧਿਤ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ।

ਪ੍ਰਸ਼ਨ 12. ਗੁਰੂ ਸਾਹਿਬਾਂ ਦੀ ਸਿਮਰਤੀ ਵਿੱਚ ਪੰਜਾਬ ਦੇ ਕਿਹੜੇ-ਕਿਹੜੇ ਮੇਲੇ ਲੱਗਦੇ ਹਨ? ਕਿਸੇ ਇੱਕ ਮੇਲੇ ਬਾਰੇ ਜਾਣਕਾਰੀ ਦਿਓ।

## ਪਾਠ-3 ਪੰਜਾਬ ਦੇ ਰਸਮ-ਰਿਵਾਜ

ਪ੍ਰਸ਼ਨ 13. ਮਨੁੱਖੀ ਜੀਵਨ ਵਿੱਚ ਰਸਮ-ਰਿਵਾਜਾਂ ਦਾ ਕੀ ਮਹੱਤਵ ਹੈ?

ਪ੍ਰਸ਼ਨ 14. ਰਸਮ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ?

ਪ੍ਰਸ਼ਨ 15. ਪੰਜਾਬ ਵਿੱਚ ਜੀਵ ਦੇ ਜਨਮ ਨਾਲ਼ ਸੰਬੰਧਿਤ ਕਿਹੜੇ-ਕਿਹੜੇ ਰਸਮ-ਰਿਵਾਜ ਹਨ?

ਪ੍ਰਸ਼ਨ 16. ਪਹਿਲੇ ਸਮਿਆਂ ਵਿੱਚ ਮੁੰਡੇ ਅਤੇ ਕੁੜੀ ਦੇ ਜੰਮਣ 'ਤੇ ਰਸਮਾਂ-ਰਿਵਾਜਾਂ ਦੇ ਪੱਖ ਤੋਂ ਕੀ ਵਿਤਕਰਾ ਸੀ? ਹੁਣ ਇਹ ਵਿਤਕਰਾ ਕਿਵੇਂ ਘਟ ਰਿਹਾ ਹੈ?

ਪ੍ਰਸ਼ਨ 17. ਪੰਜਾਬ ਵਿੱਚ ਵਿਆਹ ਦੇ ਰਸਮ-ਰਿਵਾਜ ਕਿਹੜੇ-ਕਿਹੜੇ ਸਨ? ਹੁਣ ਇਹਨਾਂ ਵਿੱਚ ਕੀ ਤਬਦੀਲੀ ਆ ਰਹੀ ਹੈ?

ਪ੍ਰਸ਼ਨ 18. ਵਿਆਹ ਕੇ ਲਿਆਉਣ ਮਗਰੋਂ ਮੁੰਡੇ ਦੇ ਘਰ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ?

ਪ੍ਰਸ਼ਨ 19. ਜੀਵ ਦੀ ਮੌਤ ਹੋਣ 'ਤੇ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ?

## ਪਾਠ-4 ਪੰਜਾਬ ਦੀਆਂ ਲੋਕ-ਖੇਡਾਂ

ਪ੍ਰਸ਼ਨ 20. ਪੰਜਾਬ ਦੀਆਂ ਲੋਕ-ਖੇਡਾਂ ਦੇ ਆਧਾਰ 'ਤੇ ਸਿੱਧ ਕਰੋ ਕਿ ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ।

ਪ੍ਰਸ਼ਨ 21. ਲੋਕ-ਖੇਡਾਂ ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ?

ਪ੍ਰਸ਼ਨ 22. ਲੋਕ-ਖੇਡਾਂ ਪਾਠ ਦੇ ਆਧਾਰ 'ਤੇ ਦੱਸੋ ਕਿ ਲੋਕ-ਖੇਡਾਂ ਦੀ ਜੀਵਨ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਹੈ, ਕਿਵੇਂ?

ਪ੍ਰਸ਼ਨ 23. ਲੋਕ-ਖੇਡਾਂ ਨਾਲ਼ ਬੱਚੇ ਦੇ ਅੰਦਰ ਕਿਹੜੇ ਨੈਤਿਕ ਗੁਣ ਪ੍ਰਵੇਸ਼ ਕਰਦੇ ਹਨ? ਇਹ ਵੀ ਦੱਸੋ ਕਿ ਅਜਿਹੀਆਂ ਕਿਹੜੀਆਂ-ਕਿਹੜੀਆਂ ਖੇਡਾਂ ਹਨ?

ਪ੍ਰਸ਼ਨ 24. ਪੁਰਾਤਨ ਸਮੇਂ ਵਿੱਚ ਪਿੰਡ ਵਾਸੀ ਆਪਣੇ ਪਿੰਡ ਦੇ ਲੋਕ-ਖਿਡਾਰੀਆਂ ਅਤੇ ਪਹਿਲਵਾਨਾਂ ਨੂੰ ਕਿਵੇਂ ਨਿਵਾਜਦੇ ਸਨ?

ਪ੍ਰਸ਼ਨ 25. ਲੋਕ-ਖੇਡਾਂ ਪਾਠ ਵਿੱਚ ਦਿੱਤੀਆਂ ਗਈਆਂ ਮੁੰਡਿਆਂ-ਕੁੜੀਆਂ ਦੀਆਂ ਮਨਮੋਹਕ ਖੇਡਾਂ ਉੱਤੇ ਖੋਲ੍ਹ ਕੇ ਚਾਨਣਾ ਪਾਓ।

ਪ੍ਰਸ਼ਨ 26. ਪੰਜਾਬ ਦੀਆਂ ਲੋਕ-ਖੇਡਾਂ ਦੇ ਆਧਾਰ 'ਤੇ ਦੱਸੋ ਕਿ ਉਹ ਕਿਹੜੀ ਲੋਕ-ਖੇਡ ਹੈ ਜੋ ਕ੍ਰਿਕਟ ਦੀ ਖੇਡ ਵਿੱਚ ਜਾ ਸਮੋਈ ਹੈ।

ਪ੍ਰਸ਼ਨ 27. 'ਅੱਡੀ-ਛੜੱਪਾ' ਜਾਂ 'ਅੱਡੀ-ਟੱਪਾ' ਖੇਡ ਬਾਰੇ ਤੁਸੀਂ ਕੀ ਜਾਣਦੇ ਹੋ? ਖੋਲ੍ਹ ਕੇ ਦੱਸੋ।

## ਪਾਠ-5 ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ

ਪ੍ਰਸ਼ਨ 28. 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪਾਠ ਦੇ ਆਧਾਰ 'ਤੇ ਦੱਸੋ ਕਿ ਲੋਕ-ਕਿੱਤਿਆਂ ਦੇ ਵੱਖ-ਵੱਖ ਨਾਂ ਕਿਵੇਂ ਪ੍ਰਚਲਿਤ ਹੋਏ?

ਪ੍ਰਸ਼ਨ 29. 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪਾਠ ਦੇ ਆਧਾਰ 'ਤੇ ਲੋਕ-ਕਿੱਤਾ ਅਤੇ ਲੋਕ-ਧੰਦਾ ਦੇ ਅਰਥਾਂ ਵਿੱਚ ਮਾਮੂਲੀ ਫ਼ਰਕ ਹੈ। ਇਸ 'ਤੇ ਚਾਨਣਾ ਪਾਓ।

ਪ੍ਰਸ਼ਨ 30. ਲੋਕ-ਕਿੱਤੇ ਦੀ ਵਿਸ਼ੇਸ਼ਤਾ ਕੀ ਹੈ? ਲੁਹਾਰ ਤੇ ਤਰਖਾਣ ਵੱਲੋਂ ਬਣਾਏ ਜਾਂਦੇ ਸੰਦਾਂ ਦੇ ਨਾਂ ਲਿਖੋ।

ਪ੍ਰਸ਼ਨ 31. ਸੁਨਿਆਰ ਅਨੇਕ ਪ੍ਰਕਾਰ ਦੇ ਗਹਿਣੇ ਬਣਾਉਂਦਾ ਹੈ। ਇਸ ਪਾਠ ਦੇ ਆਧਾਰ 'ਤੇ ਦੱਸੋ ਕਿ ਉਹ ਮਰਦਾਵੇਂ ਤੇ ਇਸਤਰੀਆਂ ਦੇ ਕਿਹੜੇ-ਕਿਹੜੇ ਗਹਿਣੇ ਬਣਾਉਂਦਾ ਹੈ?

ਪ੍ਰਸ਼ਨ 32. ਲੋਕ-ਕਿੱਤੇ ਦੀ ਵਿਸ਼ੇਸ਼ਤਾ ਕੀ ਹੈ? ਉਦਾਹਰਨਾਂ ਸਹਿਤ ਦੱਸੋ।

ਪ੍ਰਸ਼ਨ 33. ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਕੀ ਅੰਤਰ ਹੈ? ਖੋਲ੍ਹ ਕੇ ਦੱਸੋ।

ਪ੍ਰਸ਼ਨ 34. ਪੰਜਾਬ ਦੀਆਂ ਬਹੁਤੀਆਂ ਲੋਕ-ਕਲਾਵਾਂ ਦੀਆਂ ਸਿਰਜਕ ਇਸਤਰੀਆਂ ਰਹੀਆਂ ਹਨ, ਬਾਰੇ ਖੋਲ੍ਹ ਕੇ ਚਾਨਣਾ ਪਾਓ।

ਪ੍ਰਸ਼ਨ 35. 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪਾਠ ਅਨੁਸਾਰ ਬਾਗ਼ ਦੀ ਕਢਾਈ ਲੋਕ-ਕਲਾ ਦੀ ਵਿਸ਼ੇਸ਼ ਕਿਸਮ ਮੰਨੀ ਗਈ ਹੈ, ਦੱਸੋ ਕਿਵੇਂ?

ਪ੍ਰਸ਼ਨ 36. ਫੁਲਕਾਰੀ ਦੀ ਕਢਾਈ ਦੇ ਹੁਨਰ ਨੂੰ ਲੋਕ-ਕਲਾ ਦਾ ਸਿਖਰ ਕਿਉਂ ਮੰਨਿਆ ਜਾਂਦਾ ਹੈ?

ਪ੍ਰਸ਼ਨ 37. ਬਾਗ਼ ਅਤੇ ਫੁਲਕਾਰੀ ਦੀ ਲੋਕ-ਕਲਾ ਤੋਂ ਇਲਾਵਾ ਲੋਕ-ਕਲਾ ਦੀਆਂ ਹੋਰ ਕਿਹੜੀਆਂ ਵੰਨਗੀਆਂ ਹਨ?

## ਪਾਠ-6. ਪੰਜਾਬ ਦੇ ਲੋਕ-ਨਾਚ

ਪ੍ਰਸ਼ਨ 38. ਪੰਜਾਬ ਦੇ ਲੋਕ-ਨਾਚਾਂ ਦੀ ਪਰੰਪਰਾ ਜਾਂ ਪ੍ਰਾਚੀਨਤਾ ਦਾ ਕਿਵੇਂ ਪਤਾ ਲੱਗਦਾ ਹੈ?

ਪ੍ਰਸ਼ਨ 39. ਇਸਤਰੀਆਂ ਦੇ ਮੁੱਖ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ।

ਪ੍ਰਸ਼ਨ 40. ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ।

ਪ੍ਰਸ਼ਨ 41. ਵਰਤਮਾਨ ਸਮੇਂ ਵਿੱਚ ਭੰਗੜੇ ਦੇ ਬਦਲਵੇਂ ਸਰੂਪ ਬਾਰੇ ਦੱਸੋ।

ਪ੍ਰਸ਼ਨ 42. 'ਪੰਜਾਬ ਦੇ ਲੋਕ-ਨਾਚ' ਪਾਠ ਵਿੱਚ ਮੁੱਖ ਨਾਚਾਂ ਤੋਂ ਬਿਨਾਂ ਹੋਰ ਕਿਹੜੇ-ਕਿਹੜੇ ਨਾਚਾਂ ਦਾ ਜ਼ਿਕਰ ਆਇਆ ਹੈ?

ਪ੍ਰਸ਼ਨ 43. ਪੰਜਾਬ ਵਿੱਚ ਬਦਲਦੀਆਂ ਪਰਿਸਥਿਤੀਆਂ ਅਨੁਸਾਰ ਲੋਕ-ਨਾਚਾਂ ਵਿੱਚ ਆਏ ਬਦਲਾਅ ਬਾਰੇ ਜਾਣਕਾਰੀ ਦਿਓ।

## ਪਾਠ-7. ਪੰਜਾਬ ਦੀਆਂ ਨਕਲਾਂ

ਪ੍ਰਸ਼ਨ 44. ਪੰਜਾਬੀ ਨਕਲਾਂ ਤੋਂ ਕੀ ਭਾਵ ਹੈ?

ਪ੍ਰਸ਼ਨ 45. ਪੰਜਾਬ ਦੀਆਂ ਨਕਲਾਂ ਦੇ ਵਿਸ਼ੇਸ਼ ਲੱਛਣ ਕਿਹੜੇ ਹਨ?

ਪ੍ਰਸ਼ਨ 46. ਪੇਸ਼ਕਾਰੀ ਦੇ ਪੱਖੋਂ ਨਕਲਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ?

ਪ੍ਰਸ਼ਨ 47. 'ਨਕਲਾਂ ਵਿੱਚ ਦਰਸ਼ਕਾਂ ਦੀ ਭੂਮਿਕਾ ਅਹਿਮ ਹੁੰਦੀ ਹੈ,' ਦੱਸੋ ਕਿਵੇਂ?

ਪ੍ਰਸ਼ਨ 48. ਮੰਚ ਦੇ ਪੱਖ ਤੋਂ ਨਕਲਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ?

ਪ੍ਰਸ਼ਨ 49. ਨਕਲਾਂ ਖੇਡਣ ਲਈ ਕਿਹੋ-ਜਿਹੇ ਪਿੜਾਂ ਦੀ ਵਰਤੋਂ ਕੀਤੀ ਜਾਂਦੀ ਹੈ?

ਪ੍ਰਸ਼ਨ 50. ਪੰਜਾਬੀ ਸੱਭਿਆਚਾਰ ਵਿੱਚ ਨਕਲਾਂ ਦਾ ਕੀ ਮਹੱਤਵ ਹੈ?

## ਪਾਠ-8. ਪੰਜਾਬੀ ਸੱਭਿਆਚਾਰਿਕ ਪਰਿਵਰਤਨ

ਪ੍ਰਸ਼ਨ 51. ਪੰਜਾਬੀ ਸੱਭਿਆਚਾਰਿਕ ਪਰਿਵਰਤਨ ਕੀ ਹੈ? ਸੰਖੇਪ ਵਿੱਚ ਲਿਖੋ।

ਪ੍ਰਸ਼ਨ 52. 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਦੇ ਆਧਾਰ 'ਤੇ ਦੱਸੋ ਕਿ ਪੰਜਾਬੀ ਸੱਭਿਆਚਾਰ ਵਿੱਚ ਪਹਿਰਾਵੇ ਦੇ ਨਾਲ਼-ਨਾਲ਼ ਵਿਚਾਰਾਂ ਵਿੱਚ ਵੀ ਤਬਦੀਲੀ ਆਈ ਹੈ, ਕਿਵੇਂ?

ਪ੍ਰਸ਼ਨ 53. ਸਾਨੂੰ ਆਪਣੇ ਪੰਜਾਬੀ ਸੱਭਿਆਚਾਰ ਦੇ ਰਵਾਇਤੀ ਖਾਣੇ ਨੂੰ ਕਿਉਂ ਤਰਜੀਹ ਦੇਣੀ ਚਾਹੀਦੀ ਹੈ?

ਪ੍ਰਸ਼ਨ 54. ਪੰਜਾਬੀ ਸੱਭਿਆਚਾਰ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਖਾਣ-ਪੀਣ ਵਿੱਚ ਆਈ ਤਬਦੀਲੀ ਬਾਰੇ ਚਾਨਣਾ ਪਾਓ।

ਪ੍ਰਸ਼ਨ 55. 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਅਨੁਸਾਰ ਦੋ ਰੁਝਾਨਾਂ ਨੇ ਰਵਾਇਤੀ ਪੰਜਾਬੀ ਸੱਭਿਆਚਾਰ ਨੂੰ ਢਾਹ ਲਾਈ ਹੈ। ਇਸ ਬਾਰੇ ਉਦਾਹਰਨਾਂ ਸਹਿਤ ਚਾਨਣਾ ਪਾਓ।

ਪ੍ਰਸ਼ਨ 56. 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਵਿੱਚ ਗੁਰਬਾਣੀ ਦੀ ਤੁਕ 'ਮਾਤਾ ਧਰਤਿ ਮਹਤੁ' ਅਜੋਕੇ ਸਮਾਜ ਦੀ ਕਿਹੜੀ ਸਮੱਸਿਆ ਵੱਲ ਸੰਕੇਤ ਕਰਦੀ ਹੈ? ਖੋਲ੍ਹ ਕੇ ਦੱਸੋ।

ਪ੍ਰਸ਼ਨ 57. 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਦੇ ਆਧਾਰ 'ਤੇ ਦੱਸੋ ਕਿ ਸਾਨੂੰ ਨਵੀਆਂ ਪਰਿਸਥਿਤੀਆਂ ਅਨੁਸਾਰ ਨਵੇਂ ਸੱਭਿਆਚਾਰਿਕ ਮਾਪ-ਦੰਡ ਸਿਰਜਣ ਦੀ ਕਿਉਂ ਲੋੜ ਹੈ?

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 17 ਨਾਲ਼ ਸੰਬੰਧਿਤ ਪ੍ਰਸ਼ਨ: (i ਤੋਂ vii ਅਤੇ i ਤੋਂ xiii)**

**ਪਾਠ-ਪੁਸਤਕ ਵਿੱਚ ਹੱਲ ਕੀਤੇ ਪੱਤਰ**

(i) ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਕਿਸੇ ਨਜ਼ਦੀਕੀ ਬੈਂਕ ਤੋਂ ਸ੍ਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ-ਪ੍ਰਬੰਧਕ ਨੂੰ ਪੱਤਰ ਲਿਖੋ। $1^1/_2+4+1^1/_2=7$

(ii) ਤੁਹਾਡੇ ਪਿੰਡ ਵਿੱਚ ਕਲੱਬ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ਼ ਪੁਸਤਕਾਲਾ ਖੋਲ੍ਹਿਆ ਜਾ ਰਿਹਾ ਹੈ। ਲਾਇਬ੍ਰੇਰੀਅਨ ਵੱਲੋਂ ਪੁਸਤਕਾਂ ਮੰਗਵਾਉਣ ਲਈ ਭਿੰਨ-ਭਿੰਨ ਪੁਸਤਕ-ਵਿਕਰੇਤਾਵਾਂ ਨੂੰ ਪੱਤਰ ਲਿਖੋ ਜਿਸ ਵਿੱਚ ਕੁਟੇਸ਼ਨਾਂ ਦੀ ਮੰਗ ਕੀਤੀ ਗਈ ਹੋਵੇ। $1^1/_2+4+1^1/_2=7$

(iii) ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲ਼ੇ ਕਿਸੇ ਕਿਸਾਨ-ਮੇਲੇ ਵਿੱਚ ਆਪਣੀ ਸਟਾਲ ਲਾਉਣ ਲਈ ਮੇਲਾ-ਪ੍ਰਬੰਧਕਾਂ ਨੂੰ ਪੱਤਰ ਲਿਖੋ। $1^1/_2+4+1^1/_2=7$

(iv) ਤੁਹਾਡੇ ਕਸਬੇ ਵਿੱਚ ਦੋ-ਪਹੀਆ ਵਾਹਨਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ। ਜਿਸ ਦੇ ਚੱਲਦਿਆਂ ਹੀਰੋ ਮੋਟਰਜ਼, ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮੱਰਥਾ ਦੱਸਦੇ ਹੋਏ ਪੱਤਰ ਲਿਖੋ। $1^1/_2+4+1^1/_2=7$

(v) ਮੈਸਰਜ਼ ਗਰਗ ਫੋਟੋਸਟੈਟ ਹਾਊਸ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਮੈਸਰਜ਼ ਮਾਡਰਨ ਇੰਜੀਨੀਅਰ ਤਕਨਾਲੋਜੀ, ਲੁਧਿਆਣਾ ਨੂੰ ਇੱਕ ਫੋਟੋਸਟੈਟ ਮਸ਼ੀਨ ਦਾ ਆਰਡਰ ਦਿੱਤਾ ਸੀ। ਮਸ਼ੀਨ ਮਿਲ਼ਨ 'ਤੇ ਪਤਾ ਲੱਗਾ ਕਿ ਮਸ਼ੀਨ ਠੀਕ ਨਹੀਂ, ਫੋਟੋਸਟੈਟ ਕਾਪੀ ਸਾਫ਼ ਨਹੀਂ ਕੱਢਦੀ। ਇਸ ਮਸ਼ੀਨ ਨੂੰ ਠੀਕ ਕਰਵਾਉਣ ਬਾਰੇ ਪੱਤਰ ਲਿਖੋ। $1^1/_2+4+1^1/_2=7$

(vi) ਤੁਸੀਂ ਵੇਰਕਾ ਮਿਲਕ-ਪਲਾਂਟ ਦੇ ਉਤਪਾਦ ਵੇਚਣ ਦੇ ਵੱਖ-ਵੱਖ ਉਤਪਾਦਾਂ ਆਦਿ ਦੀ ਜਾਣਕਾਰੀ ਲੈਣ ਹਿੱਤ ਨੇੜਲੇ ਵੇਰਕਾ ਮਿਲਕ-ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ। $1^1/_2+4+1^1/_2=7$

(vii) ਗੋਇਲ ਕਰਿਆਨਾ ਸਟੋਰ, ਗੁਰਦਾਸਪੁਰ ਨੇ ਮੈਸਰਜ਼ ਆਰਗੈਨਿਕ ਫੂਡ ਲਿਮਟਿਡ, ਹੁਸ਼ਿਆਰਪੁਰ ਤੋਂ ਕੁਝ ਕਰਿਆਨੇ ਦਾ ਸਮਾਨ ਮੰਗਵਾਇਆ ਸੀ ਜਿਹੜਾ ਕਿ ਠੀਕ-ਠਾਕ ਪਹੁੰਚ ਗਿਆ ਹੈ। ਪੱਤਰ ਲਿਖ ਕੇ ਉਕਤ ਫ਼ਰਮ ਦਾ ਧੰਨਵਾਦ ਕਰਨ ਦੇ ਨਾਲ਼-ਨਾਲ਼ ਬਣਦਾ ਭੁਗਤਾਨ ਕਰੋ। $1^1/_2+4+1^1/_2=7$

**ਅਭਿਆਸੀ-ਪੱਤਰ**

(i) ਤੁਸੀਂ ਇੱਕ ਪੜ੍ਹੇ-ਲਿਖੇ ਕਿਸਾਨ ਹੋ। ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ-ਕੇਂਦਰ ਨੂੰ ਖੇਤੀ-ਬਾੜੀ ਸਹਾਇਕ ਧੰਦਿਆਂ ਬਾਰੇ ਸਿਖਲਾਈ ਕੋਰਸ ਕਰਨ ਲਈ ਪੱਤਰ ਲਿਖੋ। $1^1/_2$+4+$1^1/_2$ =7

(ii) ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸੂਚਨਾ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿੱਚ ਸਾਉਣੀ ਦੀਆਂ ਫ਼ਸਲਾਂ ਦੇ ਬੀਜਾਂ ਦੀ ਉਪਲਬਧਤਾ, ਸਿਖਲਾਈ-ਪ੍ਰੋਗ੍ਰਾਮਾਂ, ਖੇਤੀ-ਬਾੜੀ ਸਾਹਿਤ, ਸਾਉਣੀ ਦੀਆਂ ਫਸਲਾਂ ਦੇ ਸੰਭਾਵਿਤ ਰੋਗਾਂ ਤੇ ਰੋਕ-ਥਾਮ ਆਦਿ ਬਾਰੇ ਜਾਣਕਾਰੀ ਦੀ ਮੰਗ ਕਰੋ। $1^1/_2$+4+$1^1/_2$ =7

(iii) ਤੁਹਾਡਾ ਕਾਰੋਬਾਰ ਸ਼ੇਅਰ-ਬਜ਼ਾਰ ਨਾਲ਼ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਈਲ ਦੀ ਵਰਤੋਂ ਕਰਨੀ ਪੈ ਰਹੀ ਹੈ ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਟਿਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰ ਰਹੇ ਹੋ। ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਲਿਖ ਕੇ ਇਸ ਪਾਸੇ ਸੁਧਾਰ ਕਰਨ ਲਈ ਆਖੋ। $1^1/_2$+4+$1^1/_2$ =7

(iv) ਤੁਹਾਡੇ ਸਕੂਲ ਵਿੱਚ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਯੂਨੀਫ਼ਾਰਮ ਖਰੀਦਣ ਲਈ ਗ੍ਰਾਂਟ ਆਈ ਹੈ। ਵੇਰਵੇ ਦੱਸਦੇ ਹੋਏ ਕਿਸੇ ਫ਼ਰਮ ਤੋਂ ਕੁਟੇਸ਼ਨ ਦੀ ਮੰਗ ਕਰੋ। $1^1/_2$+4+$1^1/_2$ =7

(v) ਤੁਸੀਂ ਆਪਣੇ ਕੈਫ਼ੇ ਲਈ ਕਿਸੇ ਕੰਪਨੀ ਦਾ ਕੰਪਿਊਟਰ 'ਸੰਗਮ ਕੰਪਿਊਟਰਜ਼', ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਖ਼ਰੀਦਿਆ ਸੀ। ਕੰਪਿਊਟਰ 'ਚ ਆਈਆਂ ਖ਼ਰਾਬੀਆਂ ਬਾਰੇ ਉਕਤ ਫ਼ਰਮ ਨੂੰ ਪੱਤਰ ਲਿਖੋ। $1^1/_2$+4+$1^1/_2$ =7

(vi) ਤੁਸੀਂ ਆਪਣੇ ਕਸਬੇ ਵਿੱਚ ਆਟਾ-ਚੱਕੀ ਲਾਈ ਹੋਈ ਹੈ। ਇਲਾਕਾ-ਨਿਵਾਸੀਆਂ ਨੂੰ ਇਸ ਬਾਰੇ ਖੁੱਲ੍ਹੀ ਚਿੱਠੀ ਰਾਹੀਂ ਜਾਣਕਾਰੀ ਦਿੰਦੇ ਹੋਏ ਕਣਕ, ਦਾਲ਼ਾਂ ਤੇ ਹੋਰ ਅਨਾਜ ਆਦਿ ਪਿਹਾਉਣ, ਰੇਟ ਤੇ ਹੋਰ ਵਿਸ਼ੇਸ਼ਤਾਵਾਂ ਦੱਸਦੇ ਹੋਏ ਅਪੀਲ ਕਰੋ। $1^1/_2$+4+$1^1/_2$ =7

(vii) ਤੁਸੀਂ ਮੱਛੀ-ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ। ਆਪਣੇ ਜ਼ਿਲ੍ਹੇ ਦੇ ਮੱਛੀ-ਪਾਲਣ ਅਫ਼ਸਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਸਰਕਾਰ ਵੱਲੋਂ ਮਿਲ਼ਦੀ ਸਬਸਿਡੀ ਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ। $1^1/_2$+4+$1^1/_2$ =7

(viii) ਆਪਣੇ ਜ਼ਿਲ੍ਹੇ ਦੇ ਆਮਦਨ-ਕਰ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿੱਚ ਤੁਹਾਡੇ ਵੱਲੋਂ ਵੱਧ ਜਮ੍ਹਾ ਕਰਵਾਇਆ ਗਿਆ ਟੈੱਕਸ ਵਾਪਸ ਕਰਨ ਲਈ ਬੇਨਤੀ ਕੀਤੀ ਗਈ ਹੋਵੇ। $1^1/_2$+4+$1^1/_2$ =7

(ix) ਤੁਹਾਡੀ ਹੁਸ਼ਿਆਰਪੁਰ ਵਿਖੇ ਆੜ੍ਹਤ ਦੀ ਦੁਕਾਨ ਹੈ। ਸਮੇਂ ਤੇ ਊਰਜਾ ਦੀ ਬੱਚਤ ਲਈ ਨੇੜਲੇ ਬੈਂਕ-ਮੈਨੇਜਰ ਨੂੰ ਮੋਬਾਈਲ-ਬੈਂਕਿੰਗ, ਨੈੱਟ-ਬੈਂਕਿੰਗ ਤੇ ਐੱਮ.ਐੱਮ.ਐੱਸ. ਅਲਰਟ ਸੇਵਾ ਸ਼ੁਰੂ ਕਰਨ ਲਈ ਪੱਤਰ ਲਿਖੋ। $1^1/_2$+4+$1^1/_2$ =7

(x) ਤੁਸੀਂ ਪਿੰਡ ਦੀਆਂ ਕੁਝ ਗ੍ਰਹਿਣੀਆਂ 'ਸੈਲਫ਼ ਹੈੱਲਪ' ਗਰੁੱਪ ਸ਼ੁਰੂ ਕਰਨ ਲਈ ਇਛੁੱਕ ਹੋ। ਇਸ ਬਾਰੇ ਜਾਣਕਾਰੀ ਲੈਣ ਲਈ ਜ਼ਿਲ੍ਹੇ ਦੇ ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਪੱਤਰ ਲਿਖੋ। $1^1/_2$+4+$1^1/_2$ =7

(xi) ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਭਾਰਤ ਜੀਵਨ-ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ। $1^1/_2$+4+$1^1/_2$ =7

(xii) ਤੁਸੀਂ ਇੱਕ ਸਧਾਰਨ ਕਿਸਾਨ ਦੇ ਪੁੱਤਰ ਹੋ, ਤੁਸੀਂ ਕਰਜ਼ਾ ਲੈ ਕੇ ਦੁੱਧ ਢੋਣ ਲਈ ਟੈਂਕਰ ਖਰੀਦਿਆ ਹੈ। ਆਪਣੇ ਨੇੜੇ ਦੇ ਮਿਲਕ-ਪਲਾਂਟ ਮੈਨੇਜਰ ਨੂੰ ਚਿੱਠੀ ਲਿਖੋ। ਜਿਸ ਵਿੱਚ ਤੁਸੀਂ ਦੁੱਧ-ਇਕੱਤਰ ਕੇਂਦਰਾਂ ਤੋਂ ਮਿਲਕ-ਪਲਾਂਟ ਤੱਕ ਦੁੱਧ ਦੀ ਢੁਆਈ ਲਈ ਆਪਣੀ ਪੇਸ਼ਕਸ਼ ਕਰਦੇ ਹੋਏ ਇਸ ਸੰਬੰਧੀ ਉਹਨਾਂ ਦੇ ਰੇਟਾਂ, ਨਿਯਮਾਂ ਤੇ ਸ਼ਰਤਾਂ ਦੀ ਮੰਗ ਕਰੋ। $1^1/_2+4+1^1/_2=7$

(xiii) ਤੁਸੀਂ ਹੁਣੇ-ਹੁਣੇ ਬਿਊਟੀ-ਪਾਰਲਰ ਦਾ ਕੰਮ ਸਿੱਖਿਆ ਹੈ। ਆਪਣਾ ਕਾਰੋਬਾਰ ਚਲਾਉਣ ਲਈ ਇਲਾਕਾ-ਨਿਵਾਸੀਆਂ ਨੂੰ ਸੇਵਾਵਾਂ ਦਾ ਲਾਭ ਉਠਾਉਣ ਲਈ ਖੁਲ੍ਹੀ ਚਿੱਠੀ ਰਾਹੀਂ ਅਪੀਲ ਕਰੋ। $1^1/_2+4+1^1/_2=7$

## ਸੰਖੇਪ ਰਚਨਾ

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 18 ਨਾਲ਼ ਸੰਬੰਧਿਤ ਪ੍ਰਸ਼ਨ : (1 ਤੋਂ 8) 4+1=5 ਅੰਕ**

**ਪ੍ਰਸ਼ਨ 1. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :**

ਬਹੁਤ ਸਦਗੁਣੀ ਮਨੁੱਖ ਨੂੰ ਤਰੱਕੀ ਕਰਦਾ ਦੇਖ ਕੇ ਲੋਕ ਘੱਟ ਈਰਖ਼ਾ ਕਰਦੇ ਹਨ........... ਈਰਖਾ ਰੂਪੀ ਰੋਗ ਦੀ ਦਇਆ ਇੱਕ ਭਾਰੀ ਦਵਾਈ ਹੈ। 4+1=5

**ਪ੍ਰਸ਼ਨ 2. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :**

ਸਰੀਰ ਮਨ ਦਾ ਘੋੜਾ ਹੈ, ਜਿਸ ਤਰ੍ਹਾਂ ਮਨ ਇਸ ਨੂੰ ਚਲਾਉਂਦਾ ਹੈ ........... ਇਹੋ ਹੀ ਤੰਦਰੁਸਤੀ ਅਤੇ ਦੀਰਘ ਆਯੂ ਦਾ ਨੁਸਖਾ ਹੈ। 4+1=5

**ਪ੍ਰਸ਼ਨ 3. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :**

ਅਰਦਾਸ ਦਾ ਅਸਲ ਮੰਤਵ ਦਾਤਾਂ ਮੰਗਣੀਆਂ ਨਹੀਂ ........... ਇਸ ਨੂੰ ਅਸੀਂ ਵਾਹਿਗੁਰੂ ਜੀ ਨਾਲ਼ ਆਪਣਾ ਦੁੱਖ-ਸੁੱਖ ਫੋਲਣ ਦੇ ਆਹਰ ਵਿੱਚ ਲਾ ਕੇ ਉਸ ਦੀ ਨੇੜਤਾ ਦੇ ਪਾਤਰ ਬਣ ਸਕਦੇ ਹਾਂ। 4+1=5

**ਪ੍ਰਸ਼ਨ 4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :**

ਅੰਗਰੇਜ਼ੀ ਦੇ ਇੱਕ ਲਿਖਾਰੀ ਨੇ ਕਿਹਾ ਹੈ ਕਿ ਰਾਤ ਨੂੰ ਛੇਤੀ ਸੌਂ ਜਾਣ ਨਾਲ਼ ........... ਉਹਦੇ ਤੋਂ ਘਰ ਵਾਲ਼ਿਆਂ ਨੇ ਕੀ ਆਸ ਰੱਖਣੀ? 4+1=5

**ਪ੍ਰਸ਼ਨ 5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :**

ਕੋਈ ਡਰ ਲਓ- ਜਲ ਦਾ ਡਰ, ਅੱਗ ਦਾ ਡਰ, ਮੀਂਹ-ਹਨੇਰੀ ........... ਇਹਨਾਂ ਡਰਾਂ ਲਈ ਥਾਂ ਨਹੀਂ ਰਹਿੰਦੀ। 4+1=5

**ਪ੍ਰਸ਼ਨ 6. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :**

ਅੱਗ ਦੀ ਸੁਵਰਤੋਂ ਇਨਸਾਨ ਕਰਦੇ ਰਹੇ ਹਨ ........... ਸਿਰਜਣਾਤਮਿਕ ਅੱਗ ਪੈਦਾ ਕਰਨ ਅਤੇ ਖ਼ੁਸ਼ੀ ਦੇ ਦੀਵੇ ਜਗਾਉਣਾ। 4+1=5

**ਪ੍ਰਸ਼ਨ 7. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :**

ਪੰਜਾਬੀ ਜਨ-ਜੀਵਨ ਵੱਖ-ਵੱਖ ਰਸਮਾਂ, ਰਿਵਾਜਾਂ ਨਾਲ਼ ਓਤ-ਪੋਤ ਹੈ ........... ਮਨੁੱਖ ਨਾਲ਼, ਰਿਸ਼ਤੇਦਾਰ ਨਾਲ਼ ਅਤੇ ਭਾਈਚਾਰੇ ਨੂੰ ਭਾਈਚਾਰੇ ਨਾਲ਼ ਜੋੜਦੇ ਹਨ। 4+1=5

**ਪ੍ਰਸ਼ਨ 8. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :**

ਕੀ ਘਰ ਵੱਡਿਆਂ ਲਈ ਹੈ ਜਾਂ ਬੱਚਿਆਂ ਵਾਸਤੇ ........... ਜ਼ਿੰਦਾ ਰੱਖਣ ਵਾਸਤੇ ਪੂਰਾ-ਪੂਰਾ ਇੰਤਜ਼ਾਮ ਕੀਤਾ ਗਿਆ ਸੀ। 4+1=5

## ਅਖਾਉਤਾਂ

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 19 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 5)** **2+2+2=6 ਅੰਕ**

**ਪ੍ਰਸ਼ਨ 1. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਸਪਸ਼ਟ ਕਰੋ :** **2+2+2=6 ਅੰਕ**

(ੳ) ਉੱਠੇ ਤਾਂ ਉੱਠ ਨਹੀਂ ਰੇਤੇ ਦੀ ਮੁੱਠ

(ਅ) ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ ’ਤੇ ਮੋਹਰਾਂ

(ੲ) ਅੱਗੇ ਸੱਪ ਤੇ ਪਿੱਛੇ ਸ਼ੀਂਹ

(ਸ) ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ

(ਹ) ਆਪੇ ਮੈਂ ਰੱਜੀ-ਪੁੱਜੀ ਆਪੇ ਮੇਰੇ ਬੱਚੇ ਜੀਣ

(ਕ) ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ

**ਪ੍ਰਸ਼ਨ 2. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਸਪਸ਼ਟ ਕਰੋ :** **2+2+2=6 ਅੰਕ**

(ੳ) ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ

(ਅ) ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ

(ੲ) ਸ੍ਵੈ-ਭਰੋਸਾ ਵੱਡਾ ਤੋਸਾ

(ਸ) ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ

(ਹ) ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ

(ਕ) ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ

**ਪ੍ਰਸ਼ਨ 3. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਸਪਸ਼ਟ ਕਰੋ :** **2+2+2=6 ਅੰਕ**

(ੳ) ਘਰ ਦਾ ਸੜਿਆ ਵਣ ਗਿਆ ਵਣ ਨੂੰ ਲੱਗੀ ਅੱਗ

(ਅ) ਘਰ ਵੱਸਦਿਆਂ ਦੇ, ਸਾਕ ਮਿਲ਼ਦਿਆਂ ਦੇ ਤੇ ਖੇਤ ਵਾਹੁੰਦਿਆਂ ਦੇ

(ੲ) ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ

(ਸ) ਚਾਹੇ ਛੁਰੀ ਖ਼ਰਬੂਜ਼ੇ ਉੱਤੇ ਡਿੱਗੇ ਚਾਹੇ ਖ਼ਰਬੂਜ਼ਾ ਛੁਰੀ ਉੱਤੇ, ਨੁਕਸਾਨ ਖ਼ਰਬੂਜ਼ੇ ਦਾ

(ਹ) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ

(ਕ) ਜਾਂ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ

**ਪ੍ਰਸ਼ਨ 4. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਸਪਸ਼ਟ ਕਰੋ : 2+2+2=6 ਅੰਕ**

(ੳ) ਜੋ ਰਾਤੀਂ ਜਾਗਣ ਕਾਲ਼ੀਆਂ, ਸੋਈ ਖਾਣ ਸੁਖਾਲ਼ੀਆਂ

(ਅ) ਠੂਠਾ ਫੁੱਟ ਕੇ ਛੰਨਾ ਮਿਲ਼ਿਆ

(ੲ) ਡਾਢੇ ਨਾਲ਼ ਭਿਆਲ਼ੀ ਉਹ ਮੰਗੇ ਹਿੱਸਾ ਉਹ ਕੱਢੇ ਗਾਲ਼ੀ

(ਸ) ਨਵਾਂ ਨੌਂ ਦਿਨ ਪੁਰਾਣਾ ਸੌ ਦਿਨ

(ਹ) ਪਾਟਾ ਸੀਵੀਂਏ ਨਾ, ਰੁੱਸਾ ਮਨਾਈਏ ਨਾ ਤਾਂ ਘਰ ਨਹੀਂ ਵੱਸਦੇ

(ਕ) ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ

**ਪ੍ਰਸ਼ਨ 5. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਸਪਸ਼ਟ ਕਰੋ : 2+2+2=6 ਅੰਕ**

(ੳ) ਬੇਗ਼ਾਨਾ ਮਹਿਲ ਵੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ

(ਅ) ਬਿੱਲੀ ਸਾਮ੍ਹਣੇ ਦੁੱਧ ਨਹੀਂ ਜੰਮਦਾ

(ੲ) ਭੱਜਦਿਆਂ ਨੂੰ ਵਾਹਣ ਇੱਕੋ-ਜਿਹੇ

(ਸ) ਭੰਡਾ-ਭੰਡਾਰੀਆ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ

(ਹ) ਮਨ ਜੀਤੈ ਜਗੁ ਜੀਤੁ

(ਕ) ਵਿੱਦਿਆ ਵੀਚਾਰੀ ਤਾਂ ਪਰਉਪਕਾਰੀ

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 20 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 3)**

ਪ੍ਰਸ਼ਨ 1. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ: 5 ਅੰਕ

(ੳ) ਟੁਕੜੀ ਜੱਗ ਤੋਂ ਨਿਆਰੀ

(ਅ) ਤਾਜ ਮਹਲ

(ੲ) ਵਾਰਸ ਸ਼ਾਹ 5

ਪ੍ਰਸ਼ਨ 2. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ:

(ੳ) ਮੇਰਾ ਬਚਪਨ

(ਅ) ਪੁਰਾਣੇ ਪੰਜਾਬ ਨੂੰ ਅਵਾਜ਼ਾਂ

(ੲ) ਚੁੰਮ-ਚੁੰਮ ਰੱਖੋ 5

ਪ੍ਰਸ਼ਨ 3.　ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ?

(ੳ) ਗੀਤ

(ਅ) ਵਗਦੇ ਪਾਣੀ

(ੲ) ਦੋਸਤਾ　5

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 21 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 3)**

ਪ੍ਰਸ਼ਨ 1　ਕਿਸੇ ਇੱਕ ਕਹਾਣੀ ਦਾ ਸਾਰ ਲਿਖੋ:　7 ਅੰਕ

(ੳ) ਘਰ ਜਾਹ ਆਪਣੇ

(ਅ) ਨੀਲੀ।　7

ਪ੍ਰਸ਼ਨ 2　ਕਿਸੇ ਇੱਕ ਕਹਾਣੀ ਦਾ ਸਾਰ ਲਿਖੋ:

(ੳ) ਸਤੀਆ ਸੇਈ

(ਅ) ਸਾਂਝ　7

ਪ੍ਰਸ਼ਨ 3　ਕਿਸੇ ਇੱਕ ਕਹਾਣੀ ਦਾ ਸਾਰ ਲਿਖੋ:

(ੳ) ਮਾੜਾ ਬੰਦਾ

(ਅ) ਆਪਣਾ ਦੇਸ　7

# ਉੱਤਰ-ਮਾਲ਼ਾ

**ਪ੍ਰਸ਼ਨ 1 ਤੋਂ 4**

| | | | | |
|---|---|---|---|---|
| 1. ਸ | 31. ਅ | 61. ੳ | 91. ਅ | 121. ੲ |
| 2. ੲ | 32. ੳ | 62. ਅ | 92.ਅ | 122. ਅ |
| 3. ੳ | 33. ਸ | 63. ਅ | 93. ਅ | 123. ਸ |
| 4. ੳ | 34. ਅ | 64. ਸ | 94. ੳ | 124. ਅ |
| 5. ੲ | 35. ਸ | 65. ਅ | 95. ੲ | 125. ਅ |
| 6. ਸ | 36. ੳ | 66. ਅ | 96. ੲ | 126. ੳ |
| 7. ਸ | 37. ਸ | 67. ਅ | 97. ੲ | 127. ੲ |
| 8. ੲ | 38. ੲ | 68. ੲ | 98. ਸ | 128. ੳ |
| 9. ਸ | 39. ੳ | 69. ੳ | 99. ਅ | 129. ਅ |
| 10. ੲ | 40. ੲ | 70. ੲ | 100.ੳ | 130. ਅ |
| 11. ੲ | 41. ਅ | 71. ੲ | 101. ਸ | 131. ਅ |
| 12. ੲ | 42. ਅ | 72.ਅ | 102. ਸ | 132. ਅ |
| 13. ਸ | 43. ੲ | 73. ਅ | 103. ੲ | 133. ਅ |
| 14. ੲ | 44. ਅ | 74. ਅ | 104. ਅ | 134. ਸ |
| 15. ੳ | 45. ੲ | 75. ਅ | 105. ੲ | 135.ੲ |
| 16. ੲ | 46. ੳ | 76. ਅ | 106. ਸ | 136. ਅ |
| 17. ੲ | 47. ੳ | 77. ੳ | 107. ਸ | 137. ੲ |
| 18. ਸ | 48. ਅ | 78. ਸ | 108.ਅ | 138. ੳ |
| 19. ਸ | 49. ੲ | 79. ੲ | 109. ੲ | 139. ਅ |
| 20. ਅ | 50. ਸ | 80. ਸ | 110. ਅ | 140. ੳ |
| 21. ੲ | 51. ਸ | 81. ੲ | 111. ੳ | 141. ਅ |
| 22. ੳ | 52. ੲ | 82. ੳ | 112. ਅ | 142. ੲ |
| 23. ੳ | 53. ਅ | 83. ਅ | 113. ਸ | |
| 24. ਅ | 54. ਅ | 84. ਸ | 114. ਅ | |
| 25. ੲ | 55. ਅ | 85. ਅ | 115. ੳ | |
| 26. ੲ | 56. ਸ | 86. ਸ | 116. ਅ | |
| 27. ਅ | 57. ਸ | 87. ੳ | 117. ੲ | |
| 28. ਸ | 58. ੲ | 88. ੲ | 118. ਅ | |
| 29. ਅ | 59. ਅ | 89. ਅ | 119. ਅ | |
| 30. ਅ | 60. ੳ | 90. ੳ | 120.ੳ | |

ਪ੍ਰਸ਼ਨ 5 ਤੋਂ 8

| | | |
|---|---|---|
| 1. | ਤਾਜਮਹਲ | ਪ੍ਰੋ. ਮੋਹਨ ਸਿੰਘ |
| 2. | ਪੁਰਾਣੇ ਪੰਜਾਬ ਨੂੰ ਅਵਾਜ਼ਾਂ | ਪ੍ਰੋ. ਪੂਰਨ ਸਿੰਘ |
| 3. | ਵਗਦੇ ਪਾਣੀ | ਡਾ. ਦੀਵਾਨ ਸਿੰਘ ਕਾਲੇਪਾਣੀ |
| 4. | ਖ਼ਾਲਸਾ | ਸਤਪੁਰਖ |
| | ਸਤਪੁਰਖ | ਕਸਰਤ |
| | ਕੱਕਰ | ਕੱਕਰ |
| | ਕਸਰਤ | ਖ਼ਾਲਸਾ |
| 5. | ਥਰਮਾਮੀਟਰ | ਖਿਸਕ |
| | ਤੀਰਥ | ਤਰਸਣਾ |
| | ਤਰਸਣਾ | ਤੀਰਥ |
| | ਖਿਸਕ | ਥਰਮਾਮੀਟਰ |
| 6. | ਡਿਓਢੀ | ਕਾਇਰ |
| | ਠਠਿਆਰ | ਟਿਕਣਾ |
| | ਟਿਕਣਾ | ਠਠਿਆਰ |
| | ਕਾਇਰ | ਡਿਓਢੀ |
| 7. | ਘੜੇ ਨੂੰ ਹੱਥ ਲਾਇਆ | |
| 8. | ਕੋਹ ਨਾ ਚੱਲੀ | |
| 9. | ਆਪੇ ਮੈਂ ਰੱਜੀ-ਪੁੱਜੀ | |
| 10. | ਕਰਤਾਰ ਸਿੰਘ ਦੁੱਗਲ | |
| 11. | ਸੁਜਾਨ ਸਿੰਘ | |
| 12. | ਸੰਤੋਖ ਸਿੰਘ ਧੀਰ | |

ਪ੍ਰਸ਼ਨ 9 ਤੋਂ 12

| | | | |
|---|---|---|---|
| 1. ਗ਼ਲਤ | 20. ਠੀਕ | 39. ਠੀਕ | 58. ਠੀਕ |
| 2. ਠੀਕ | 21. ਠੀਕ | 40. ਠੀਕ | 59. ਠੀਕ |
| 3. ਗ਼ਲਤ | 22. ਠੀਕ | 41. ਠੀਕ | 60. ਠੀਕ |
| 4. ਠੀਕ | 23. ਠੀਕ | 42. ਠੀਕ | 61. ਠੀਕ |
| 5. ਠੀਕ | 24. ਠੀਕ | 43. ਠੀਕ | 62. ਠੀਕ |
| 6. ਠੀਕ | 25. ਠੀਕ | 44. ਠੀਕ | 63. ਠੀਕ |
| 7. ਠੀਕ | 26. ਗ਼ਲਤ | 45. ਠੀਕ | 64. ਗ਼ਲਤ |
| 8. ਗ਼ਲਤ | 27. ਗ਼ਲਤ | 46. ਗ਼ਲਤ | 65. ਗ਼ਲਤ |
| 9. ਠੀਕ | 28. ਠੀਕ | 47. ਗ਼ਲਤ | 66. ਗ਼ਲਤ |
| 10. ਗ਼ਲਤ | 29. ਠੀਕ | 48. ਠੀਕ | 67. ਗ਼ਲਤ |
| 11. ਗ਼ਲਤ | 30. ਠੀਕ | 49. ਗ਼ਲਤ | 68. ਠੀਕ |
| 12. ਠੀਕ | 31. ਠੀਕ | 50. ਠੀਕ | 69. ਠੀਕ |
| 13. ਠੀਕ | 32. ਠੀਕ | 51. ਗਲਤ | 70. ਗ਼ਲਤ |
| 14. ਠੀਕ | 33. ਠੀਕ | 52. ਠੀਕ | |
| 15. ਗ਼ਲਤ | 34. ਠੀਕ | 53. ਠੀਕ | |
| 16. ਗ਼ਲਤ | 35. ਗ਼ਲਤ | 54. ਗ਼ਲਤ | |
| 17. ਠੀਕ | 36. ਠੀਕ | 55. ਠੀਕ | |
| 18. ਠੀਕ | 37. ਠੀਕ | 56. ਠੀਕ | |
| 19. ਠੀਕ | 38. ਗ਼ਲਤ | 57. ਠੀਕ | |

ਪ੍ਰਸ਼ਨ 13 ਤੋਂ 15

1. ਡਾ. ਜਗੀਰ ਸਿੰਘ ਨੂਰ

   ਡਾ. ਬਰਿੰਦਰ ਕੌਰ

   ਗੁਲਜ਼ਾਰ ਸਿੰਘ ਸੰਧੂ

2. ਗੁਲਜ਼ਾਰ ਸਿੰਘ ਸੰਧੂ

   ਡਾ. ਰਾਜਿੰਦਰਪਾਲ ਸਿੰਘ ਬਰਾੜ

   ਸੁਖਦੇਵ ਮਾਦਪੁਰੀ

3. ਪਿਆਰਾ ਸਿੰਘ ਖੁੰਡਾ

   ਡਾ. ਐੱਸ.ਐੱਸ. ਵਣਜਾਰਾ ਬੇਦੀ

   ਕਿਰਪਾਲ ਕਜ਼ਾਕ

4. ਘਰ ਜਾਹ ਆਪਣੇ

   ਨੀਲੀ

   ਸਾਂਝ

5. ਆਪਣਾ ਦੇਸ਼

ਮਾੜਾ ਬੰਦਾ

ਸਤੀਆ ਸੇਈ

6. ਸਾਂਝ

ਸਤੀਆ ਸੇਈ

ਘਰ ਜਾਹ ਆਪਣੇ

7. ਪਿਆਰਾ ਸਿੰਘ ਸਹਿਰਾਈ

ਹਰਿਭਜਨ ਸਿੰਘ

ਸੁਰਜੀਤ ਪਾਤਰ

8. ਅੰਮ੍ਰਿਤਾ ਪ੍ਰੀਤਮ

ਭਾਈ ਵੀਰ ਸਿੰਘ

ਪ੍ਰੋ. ਮੋਹਨ ਸਿੰਘ

9. ਨੰਦ ਲਾਲ ਨੂਰਪੁਰੀ

ਡਾ. ਦੀਵਾਨ ਸਿੰਘ ਕਾਲੇਪਾਣੀ

ਪ੍ਰੋ. ਪੂਰਨ ਸਿੰਘ